ਡ੍ਰਾਫ਼ਟ

ਖਾਲਸਾ ਸੈਂਟਰ
ਰਜਿਸਟਰਡ ਚੈਰਿਟੀ ਨੰਬਰ 289347

ਖਾਲਸਾ ਸੈਂਟਰ ਦੀ ਜਾਂਚ ਦੇ ਨਤੀਜਿਆਂ ਦਾ ਬਿਆਨ (ਰਜਿਸਟਰਡ ਚੈਰਿਟੀ ਨੰਬਰ 289347)

30 ਜੁਲਾਈ 2014 ਨੂੰ ਪ੍ਰਕਾਸ਼ਿਤ

**The** ਚੈਰਿਟੀ

ਖਾਲਸਾ ਸੈਂਟਰ ('ਚੈਰਿਟੀ') 28 ਮਈ 1984 ਨੂੰ ਰਜਿਸਟਰਡ ਹੋਇਆ। ਇਹ 14 ਅਪ੍ਰੈਲ 1984 ਦੇ ਇੱਕ ਸੰਵਿਧਾਨ ਦੁਆਰਾ ਨਿਯੰਤਰਿਤ ਕੀਤਾ ਗਿਆ।

ਚੈਰਿਟੀ ਦੇ ਉਦੇਸ਼ਾਂ ਦਾ ਵਰਣਨ ਜਿਵੇਂ ਸੰਵਿਧਾਨ ਵਿੱਚ ਕੀਤਾ ਗਿਆ ਹੈ:

" ਗ੍ਰੇਟਰ ਲੰਦਨ ਅਤੇ ਘਰੇਲੂ ਕਾਉਂਟੀਆਂ ਵਿੱਚ ਸਿੱਖ ਸਮੁਦਾਇ ਦੀ ਸਿੱਖਿਆ ਨੂੰ ਵਧਾਉਣਾ; ਅਤੇ

ਸਿੱਖ ਸਮੁਦਾਇ ਦੇ ਉਹਨਾਂ ਮੈਂਬਰਾਂ ਦੀ ਸਮਾਜਿਕ ਭਲਾਈ ਦੇ ਹਿੱਤਾਂ ਵਿੱਚ ਮਨੋਰੰਜਕ ਅਤੇ ਫੁਰਸਤ ਦੇ ਸਮੇਂ ਦੀਆਂ ਗਤੀਵਿਧੀਆਂ ਮੁਹੱਈਆ ਕਰਨਾ ਜਿਹਨਾਂ ਨੂੰ ਆਪਣੀ ਜਵਾਨੀ, ਉਮਰ, ਕਮਜ਼ੋਰੀ ਜਾਂ ਅਯੋਗਤਾ, ਗਰੀਬੀ ਜਾਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਕਾਰਨ ਅਜਿਹੀਆਂ ਸੁਵਿਧਾਵਾਂ ਦੀ ਲੋੜ ਹੈ" ।

ਚੈਰਿਟੀ ਦੀ ਮੌਜੂਦਗੀ ਚੈਰਿਟੀ ਦੇ ਰਜਿਸਟਰ ਵਿੱਚ ਇੱਥੇ
[http://www.charitycommission.gov.uk/find-charities/ਦੇਖੀ ਜਾ ਸਕਦੀ ਹੈ

ਜਾਂਚ ਦੀ ਸ਼ੁਰੂਆਤ ਤੱਕ ਪਹੁੰਚਣ ਦਾ ਪਿਛੋਕੜ ਅਤੇ ਸੰਦਰਭ

ਜੂਨ 2009 ਵਿੱਚ ਚੈਰਿਟੀ ('ਦ ਕਮੀਸ਼ਨ')ਨੂੰ ਇਕ ਅਜਿਹੀ ਸ਼ਿਕਾਇਤ ਪ੍ਰਾਪਤ ਹੋਈ ਜਿਸ ਤੋਂ ਇਹ ਪਤਾ ਲੱਗਦਾ ਸੀ ਕਿ ਮਈ 2009 ਵਿੱਚ ਚੈਰਿਟੀ ਦੇ ਸੰਵਿਧਾਨ ਅਨੁਸਾਰ ਚੋਣਾਂ ਨਹੀਂ ਕਰਵਾਈਆਂ ਗਈ ਸੀ ਅਤੇ ਇਸ ਕਰਕੇ ਚੈਰਿਟੀ ਵਿਰੁੱਧ ਇੱਕ ਰੈਗੂਲੇਟਰੀ ਅਨੁਪਾਲਣ ਦਾ ਕੇਸ ('RCC') ਚਲਾਇਆ ਗਿਆ ਸੀ।

ਚੈਰਿਟੀ ਨਾਲ ਸ਼ੁਰੂਆਤੀ ਸ਼ਮੂਲੀਅਤ ਤੋਂ ਪਤਾ ਲੱਗਿਆ ਕਿ ਚੈਰਿਟੀ ਵਿੱਚ ਇੱਕ ਵਿਵਾਦ ਲਗਾਤਾਰ ਚਲ ਰਿਹਾ ਸੀ ਜਿਸ ਕਾਰਨ ਚੋਣਾਂ ਕਰਵਾਉਣ ਵਿੱਚ ਅਸਫਲਤਾ ਮਿਲੀ। ਇਸਦੇ ਨਤੀਜੇ ਵਜੋਂ ਚੈਰਿਟੀ ਵਿੱਚ ਅਜਿਹੇ ਸਹੀ ਢੰਗ ਨਾਲ ਨਿਯੁਕਤ ਕੀਤੇ ਟਰੱਸਟੀ ਨਹੀ ਸਨ ਜਿਹੜੇ ਚੈਰਿਟੀ ਦੇ ਸੰਚਾਲਨ ਵਿੱਚ ਸਮੱਰਥ ਹੋਣ।

ਦਸੰਬਰ 2009 ਵਿੱਚ ਕਮੀਸ਼ਨਨੇ ਸਲਾਹ ਦਿੱਤੀ ਕਿ ਸਥਿਤੀ ਨੂੰ  ਕਰਨ ਲਈ ਕਮੀਸ਼ਨ ਸੁਤੰਤਰ ਨਿਰੀਖਤ ਚੋਣ ਦਾ ਬੁਲਾਵਾ ਦੇਣ ਦੇ ਉਦੇਸ਼ ਵਾਸਤੇ ਅੰਤਰਿਮ ਟਰੱਸਟੀ ਨਿਯੁਕਤ ਕਰਨ ਲਈ ਚੈਰਿਟੀਜ਼ਐਕਟ 1993 ਦੀ ਧਾਰਾ 18 ਵਿਚਲੀ ਆਪਣੀ ਵਿਧਾਨਿਕ ਸ਼ਕਤੀ ਦੀ ਵਰਤੋਂ ਕਰਕੇ ਚੈਰਿਟੀ ਦੀ ਸਹਾਇਤਾ ਕਰੇਗਾ। ਫਿਰ ਵੀ, ਚੈਰਿਟੀ ਦੀ ਮੈਂਬਰਸ਼ਿਪ ਵਿਚਕਾਰ ਲੰਬੇ ਸਮੇਂ ਤੋਂ ਮੱਤ ਭੇਦ ਅਤੇ ਆਪਣੇ ਵਿਅਕਤੀਗਤ ਨਿੱਜੀ ਅੰਤਰਾਂ ਨੂੰ ਦੂਰ ਕਰਨ ਵਿੱਚ ਅਯੋਗਤਾ ਕਾਰਨ ਅੰਤਰਿਮ ਟਰੱਸਟੀਆਂ ਦੇ ਤੌਰ ਤੇ ਨਿਯੁਕਤ ਕੀਤੇ ਜਾਣ ਦੀ ਇੱਛਾ ਨਾਲ ਯੋਗ ਵਿਅਕਤੀਆਂ ਦੀ ਪਹਿਚਾਣ ਕਰਨ ਦੀ ਪ੍ਰਕਿਰਿਆ ਵਿੱਚ ਦੇਰੀ ਹੋ ਗਈ। ਚੈਰਿਟੀ ਨਾਲ ਲੰਬੀ ਸ਼ਮੂਲੀਅਤ ਤੋਂ ਬਾਅਦ ਚੈਰਿਟੀ ਨੇ ਅੰਤਰਿਮ ਟਰੱਸਟੀ ਬਣਾਉਣ ਲਈ ਚਾਰ ਵਿਅਕਤੀ ਨਾਮਜ਼ਦ ਕੀਤੇ। ਜਿਵੇਂ ਕਿ ਕਮੀਸ਼ਨ ਆਪਣੀਆਂ ਵਿਧਾਨਕ ਸ਼ਕਤੀਆਂ ਵਰਤ ਰਹੀ ਸੀ, ਇਸ ਕਰਕੇ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਪਾਲਣ ਕਰਨਾ ਪਿਆ ਅਤੇ ਹਰ ਨਾਮਜ਼ਦ ਵਿਅਕਤੀ ਨੂੰ ਇੱਕ ਸੰਸ਼ੋਧਨ ਪ੍ਰਕਿਰਿਆ ਦੁਆਰਾ ਗੁਜ਼ਰਣਾ ਪਿਆ ਇਹ ਪੱਕਾ ਬਣਾਉਣ ਵਾਸਤੇ ਕਿ ਉਹ ਚੈਰਿਟੀ ਦੇ ਕਾਨੂੰਨ ਤਹਿਤ ਟਰੱਸਟੀ ਦੇ ਤੌਰ ਤੇ ਕੰਮ ਕਰਨ ਵਜੋਂ ਅਯੋਗ ਨਹੀਂ ਹਨ।

ਇਸਦੇ ਨਾਲ-ਨਾਲ, ਅੰਤਰਿਮ ਟਰੱਸਟੀਆਂ ਦੀ ਨਿਯੁਕਤੀ ਕਰਦੇ ਸਮੇਂ ਕਮੀਸ਼ਨ ਦਾ ਇਹ ਕਾਨੂੰਨੀ ਕਰਤੱਵ ਹੈ ਕਿ ਉਹ ਇੱਕ ਅਜਿਹਾ ਡ੍ਰਾਫਟ ਆਡਰ ਪ੍ਰਕਾਸ਼ਿਤ ਕਰੋ। ਜਿਹੜਾ ਉਸ ਦੀ ਉਦੇਸ਼ ਬਾਰੇ ਦੱਸਦਾ ਹੋਵੇ ਅਤੇ ਚਾਹਵਾਨ ਪੱਖਾਂ ਨੂੰ ਉਸ ਦੇ ਵਿਰੁੱਧ ਵਿੱਚ ਕੋਈ ਇਤਰਾਜ਼ ਉਠਾਉਣ ਲਈ ਇੱਕ ਮਹੀਨੇ ਦਾ ਸਮਾਂ ਦਵੇ। ਡ੍ਰਾਫ਼ਟ ਆਦੇਸ਼ ਪਹਿਲਾਂ ਫਰਵਰੀ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ; ਫਿਰ ਵੀ, ਪ੍ਰਸਤਾਵਿਤ ਅੰਤਰਿਮ ਟਰੱਸਟੀਆਂ ਦੀ ਅਨੁਕੂਲਤਾ ਸੰਬੰਧੀ ਇੱਕ ਇਤਰਾਜ਼ ਪ੍ਰਾਪਤ ਹੋਇਆ ਸੀ। ਇਸ ਇਤਰਾਜ਼ ਉੱਤੇ ਕਮੀਸ਼ਨ ਦੀ ਨਿਰਣਾ ਸਮੀਖਿਆ ਪ੍ਰਕਿਰਿਆ ਤਹਿਤ ਵਿਚਾਰ ਕੀਤਾ ਗਿਆ।

16 ਮਈ, 2011 ਨੂੰ ਕਮੀਸ਼ਨ ਦੇ ਸਮੀਖਿਅਕ ਨੇ ਬੇਨਤੀਕਰਤਾ ਦੁਆਰਾ ਦਿੱਤੀਆਂ ਅਰਜ਼ੀਆ ਤੇ ਚੰਗੀ ਤਰ੍ਹਾਂ ਵਿਚਾਰ ਕਰਦੇ ਹੋਏ ਨਤੀਜਾ ਕੱਢਿਆ ਕਿ ਆਡਰ ਜਾਰੀ ਕਰਕੇ ਉਸ ਨੂੰ ਸੀਲ ਕਰ ਦਿੱਤਾ ਜਾਣਾ ਚਾਹੀਦਾ ਹੈ। ਕੁੱਲ ਮਿਲਾ ਕੇ, ਸਮੀਖਿਅਕ ਇਸ ਗੱਲੋਂ ਸੰਤੁਸ਼ਟ ਸੀ ਕਿ ਅਜਿਹਾ ਕੋਈ ਵੀ  ਪ੍ਰਮਾਣ ਨਹੀਂ ਮਿਲਿਆ ਜਿਹੜਾ ਇਹ ਸੰਕੇਤ ਕਰਦਾ ਹੋਵੇ ਕਿ ਆਦੇਸ਼ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਚੋਣਾਂ ਜਿੰਨੀ ਜਲਦੀ ਸੰਭਵ ਹੋ ਸਕੇ ਕਰਵਾਉਣੀਆਂ ਚਾਹੀਦੀਆਂ ਹਨ।

17 ਮਈ, 2011 ਨੂੰ ਕਮੀਸ਼ਨ ਨੇ ਚੈਰਿਟੀਜ਼ ਐਕਟ 2011 ਦੀ ਧਾਰਾ 80(2)(b) ਦੇ ਤਹਿਤ ਇੱਕ ਆਦੇਸ਼ (“ ਪਹਿਲਾ ਆਦੇਸ਼”) ਤਿਆਰ ਕੀਤਾ ਜਿਸ ਹੇਠ ਛੇ ਮਹੀਨਿਆਂ ਦੇ ਸਮੇਂ ਵਾਸਤੇ ਚਾਰ ਅੰਤਰਿਮ ਟਰੱਸਟੀਆਂ ਨੂੰ ਨਿਯੁਕਤ ਕੀਤਾ ਗਿਆ।  ਇਸ ਆਦੇਸ਼ ਦਾ ਮਨੋਰਥ ਚੈਰਿਟੀ ਦੀ ਮੈਂਬਰਸ਼ਿਪ ਤੇ ਸਹਿਮਤੀ ਪ੍ਰਗਟ ਕਰਨ ਲਈ ਅੰਤਰਿਮ ਟਰੱਸਟੀਆਂ (“ਅੰਤਰਿਮ ਟਰੱਸਟੀ”) ਨੂੰ ਇਜਾਜ਼ਤ ਦੇਣਾ ਅਤੇ ਚੋਣ ਕਰਵਾਉਣਾ ਸੀ।

17 ਮਈ ਤੋਂ 11 ਅਗਸਤ, 2011 ਵਿਚਕਾਰ ਪਹਿਲੇ ਆਦੇਸ਼ ਦੀਆਂ ਸ਼ਰਤਾਂ ਦਾ ਪਾਲਣ ਕਰਦੇ ਹੋਏ ਇੱਕ ਨਾਮਜ਼ਦ ਸੁਤੰਤਰ ਚੋਣ ਸੁਪਰਵਾਇਜ਼ਰ (“IES”) ਨੇ ਅੰਤਰਿਮ ਟਰੱਸਟੀਆਂ ਦਾ ਸਮੱਰਥਨ ਕੀਤਾ ਅਤੇ ਸਲਾਨਾ ਜਨਰਲ ਮੀਟਿੰਗ  (“AGM”) ਅਤੇ ਚੋਣ ਦੀ ਸ਼ੁਰੂਆਤ ਵੱਲ ਵਧੇ ਜਿਸ ਦਾ ਹੋਣਾ 28 ਅਗਸਤ, 2011 ਨੂੰ ਨਿਯੋਜਿਤ ਕੀਤਾ ਗਿਆ।

28 ਅਗਸਤ, 2011 ਨੂੰ ਕਮੀਸ਼ਨ ਨੂੰ ਸੂਚਿਤ ਕੀਤਾ ਗਿਆ ਕਿ ਉਸ ਤਾਰੀਖ਼ ਨੂੰ ਹੋਈ ਮੀਟਿੰਗ ਵਿੱਚ 15 ਵਿਅਕਤੀਆਂ ਨੂੰ ਚੈਰਿਟੀ ਦੇ ਟਰੱਸਟੀਆਂ ਦੇ ਤੌਰ ਤੇ ਚੁਣਿਆ ਗਿਆ। ਫਿਰ ਵੀ,ਉਸ ਸਮੇਂ ਦੌਰਾਨ ਕਮੀਸ਼ਨ ਨੇ ਚੋਣ ਦੇ ਆਚਾਰ

ਸੰਬੰਧੀ ਅਨੇਕਾਂ ਸ਼ਿਕਾਇਤਾਂ ਪ੍ਰਾਪਤ ਕੀਤੀਆਂ। ਕਮੀਸ਼ਨ ਨੇ ਚੋਣ ਪ੍ਰਕਿਰਿਆ ਦੀ ਸਮੀਖਿਆ ਕੀਤੀ ਅਤੇ ਵਿਚਾਰ ਬਣਾਇਆ ਕਿ ਪ੍ਰਕਿਰਿਆ ਵਿੱਚ ਤਰੁੱਟੀਆਂ ਹਨ ਜੋ ਇੰਨੀਆਂ ਮਹੱਤਵਪੂਰਨ ਹਨ ਕਿ ਇਹ ਕਿਹਾ ਨਹੀਂ ਜਾ ਸਕਦਾ ਕਿ ਉਚਿਤ AGM ਆਯੋਜਿਤ ਕੀਤੀ ਗਈ ਹੈ। ਇਸ ਲਈ ਕਮੀਸ਼ਨ ਦੇ ਵਿਚਾਰ ਵਿੱਚ 15 ਵਿਅਕਤੀਆਂ ਨੂੰਚੈਰਿਟੀ ਦੇ ਟਰੱਸਟੀਆਂ ਦੇ ਤੌਰ ਤੇ ਸਹੀ ਤਰੀਕੇ ਨਾਲ ਨਿਯੁਕਤ ਨਹੀਂ ਕੀਤਾ ਗਿਆ ਅਤੇ ਅੰਤਰਿਮ ਟਰੱਸਟੀ ਉਸੇ ਸਥਾਨ ਤੇ ਰਹੇ। ਹਾਲਾਂਕਿ, ਪਹਿਲੇ ਆਦੇਸ਼ ਅਨੁਸਾਰ ਅੰਤਰਿਮ ਟਰੱਸਟੀ ਕੇਵਲ 16 ਨਵੰਬਰ, 2011 ਤੱਕ ਦਫ਼ਤਰ ਵਿੱਚ ਰਹਿ ਸਕਦੇ ਸਨ।

ਛੇ ਮਹੀਨਿਆਂ ਦੇ ਪੂਰੇ ਹੋਣ ਤੱਕ ਅੰਤਰਿਮ ਟਰੱਸਟੀਆ ਵੱਲੋਂ ਕੋਈ ਵੀ ਸਫ਼ਲ ਕਾਰਵਾਈ ਨਹੀਂ ਕੀਤੀ ਗਈ ਸੀ। ਇਸ ਲਈ 3 ਅਕਤੂਬਰ, 2011 ਨੂੰ ਕਮੀਸ਼ਨ ਨੇ 2011 ਐਕਟ ਦੀ ਧਾਰਾ 89(5) ਦੇ ਤਹਿਤ ਇੱਕ ਪਰਿਵਰਤੀ ਆਦੇਸ਼ ("ਦ ਸੈਕੰਡ ਔਡਰ") ਜਾਰੀ ਕੀਤਾ। ਦੂਜੇ ਆਦੇਸ਼ ਦਾ ਮੁੱਖ ਉਦੇਸ਼ ਅੰਤਰਿਮ ਟਰੱਸਟੀਆਂ ਨੂੰ ਚੋਣ ਆਯੋਜਿਤ ਕਰਨ ਦਾ ਸਮਾਂ ਦਿੰਦੇ ਹੋਏ ਉਹਨਾਂ ਦੇ ਦਫ਼ਤਰ ਦੀ ਅਵਧੀ ਨੂੰ ਅਪ੍ਰੈਲ 2012 ਤੱਕ ਵਧਾਉਣਾ ਸੀ। ਦੂਜੇ ਆਦੇਸ਼ ਦੀਆਂ ਕੁਝ ਸ਼ਰਤਾਂ ਪਹਿਲੇ ਆਦੇਸ਼ ਨਾਲੋਂ ਵੱਖ ਵੀ ਸਨ ਤਾਂ ਕਿ ਇਹ ਸੁਨਿਸ਼ਚਿਤ ਕਰਨ ਲਈ ਅੰਤਰਿਮ ਟਰੱਸਟੀਆਂ ਦੁਆਰਾ ਕੀਤੀ ਗਈ ਕਾਰਵਾਈ ਨੂੰ ਸਪੱਸ਼ਟ ਕੀਤਾ ਜਾ ਸਕੇ ਕਿਚੈਰਿਟੀ ਦੇ ਟਰੱਸਟੀਆਂ ਦੀ ਵੈਧ ਚੋਣ ਕੀਤੀ ਜਾ ਸਕਦੀ ਹੈ।

ਦੂਜਾ ਆਦੇਸ਼ ਵੀ 3 ਅਪ੍ਰੈਲ 2012 ਨੂੰ ਬਿਨਾਂ ਕਿਸੇ ਸਫ਼ਲ ਕਾਰਵਾਈ ਦੇ ਸਮਾਪਤ ਹੋ ਗਿਆ। ਕਮੀਸ਼ਨ ਦੀ ਨਿਰਣਾ ਸਮੀਖਿਆ ਪ੍ਰਕਿਰਿਆ ਹੇਠ ਦੂਜੇ ਆਦੇਸ਼ ਉੱਤੇ ਵੀ ਵਿਚਾਰ ਕੀਤਾ ਗਿਆ ਸੀ ਅਤੇ ਇਸਦੀ ਪੁਸ਼ਟੀ ਕੀਤੀ ਗਈ ਸੀ।

ਉਹਨਾਂ ਦੀ ਨਿਯੁਕਤੀ ਦੌਰਾਨ, ਕਮੀਸ਼ਨ ਨੇ ਅੰਤਰਿਮ ਟਰੱਸਟੀਆ ਨੂੰ ਆਪਣਾ ਵਿਵਾਦ ਹੱਲ ਕਰਨ ਅਤੇ ਚੋਣ ਕਰਵਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਅਨੇਕਾਂ ਵਾਰ ਸਪੱਸ਼ਟ ਨਿਯਮਕ ਸਲਾਹ ਅਤੇ ਦਿਸ਼ਾ-ਨਿਰਦੇਸ਼ ਦਿੱਤੇ। ਪ੍ਰਕਿਰਿਆ ਦੀ ਦੇਖ-ਰੇਖ ਲਈ ਸੁਤੰਤਰ ਚੋਣ ਨਿਰੀਖਕ ਵੀ ਨਿਯੁਕਤ ਕੀਤੇ ਗਏ। ਫਿਰ ਵੀ, ਅੰਤਰਿਮ ਟਰੱਸਟੀ ਇਕੱਠੇ ਮਿਲ ਕੇ ਕੰਮ ਕਰਨ ਅਤੇ ਆਪਣੇ ਨਿੱਜੀ ਅੰਤਰਾਂ ਨੂੰ ਇੱਕ ਪਾਸੇ ਰੱਖਣ ਅਤੇ ਚੈਰਿਟੀ ਦੇ ਸ੍ਰੇਸ਼ਠ ਹਿੱਤ ਵਿੱਚ ਮਿਲ ਕੇ ਕੰਮ ਕਰਨ ਵਿੱਚ ਅਯੋਗ ਰਹੇ ਉਹਨਾਂ ਵਿਚਲੇ ਸੰਬੰਧ ਪਰਸਪਰ ਵਿਰੋਧੀ ਹੋ ਗਏ।

ਇਹ ਸਪੱਸ਼ਟ ਹੋ ਗਿਆ ਕਿ ਚੈਰਿਟੀ ਵਿੱਚ ਵਿਵਾਦ ਦਾ ਸਾਰ ਇੱਕ ਵਿਰੋਧੀ ਮੈਂਬਰਸ਼ਿਪ ਸੂਚੀ ਸੀ ਅਤੇ ਪ੍ਰਸੰਗਿਕ ਮੈਂਬਰ ਕੋਣ ਹੋ ਸਕਦੇ ਹਨ ਇਸ ਗੱਲ ਨੂੰ ਸੀਮਿਤ ਕਰਨ ਵਿੱਚ ਨਾਕਾਮਯਾਬੀ ਦਾ ਹੋਣਾ ਸੀ। ਨਤੀਜੇ ਵੱਜੋ ਇਸ ਦਾ ਟਰੱਸਟੀਸ਼ਿਪ ਦੇ ਇਰਦ-ਗਿਰਦ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕੀਤੀ ਜਾਣ ਵਾਲੀ ਸਫ਼ਲ ਚੋਣਦੀ ਯੋਗਤਾ ਤੇ ਹਾਨੀਕਾਰਕ ਪ੍ਰਭਾਵ ਪਾਇਆ।

ਇਸਦੇ ਨਾਲ-ਨਾਲ, ਮਾਰਚ 2012 ਵਿੱਚ ਚੈਰਿਟੀ ਦੇ ਬੈਂਕ ਦੇ ਵਿੱਤੀ ਵਿਸ਼ਲੇਸ਼ਣ ਅਨੁਸਾਰ ਕਮੀਸ਼ਨ ਨੇ ਚੈਰਿਟੀ ਦੇ ਵਿੱਤਾਂ ਵਿੱਚ ਅਜੋੜ ਬਾਰੇ ਅੰਤਰਿਮ ਟਰੱਸਟੀਆ ਅੱਗੇ ਅਨੇਕਾਂ ਪ੍ਰਸ਼ਨ ਉਠਾਏ ਖਾਸ ਕਰਕੇ ਚੈਰਿਟੀ ਦੇ ਖਾਤਿਆਂ ਵਿੱਚ ਕੀਤੀ ਜਮ੍ਹਾਂ ਰਕਮ ਅਤੇ ਉਸ ਵਿੱਚੋਂ ਕੀਤੀਆਂ ਟ੍ਰਾਂਸਫ਼ਰਾਂ ਠੀਕ ਨਹੀਂ ਸਨ। ਜੂਨ 2012 ਵਿੱਚ ਹੋਰ ਪ੍ਰਸ਼ਨ ਪੁੱਛੇ ਗਏ; ਇਸ ਦੇ ਬਾਵਜੂਦ ਵੀ ਇਹਨਾਂ ਮੁੱਦਿਆਂ ਤੇ ਅੰਤਰਿਮ ਟਰੱਸਟੀਆਂ ਵੱਲੋਂ ਕੋਈ ਸਹੀ ਜਵਾਬ ਨਹੀਂ ਮਿਲਿਆ।

## ਜਾਂਚ ਤਹਿਤ ਮੁੱਦੇ

ਕਮੀਸ਼ਨ ਦੀ ਅੰਤਰਿਮ ਟਰੱਸਟੀਆਂ ਅਤੇ ਚੈਰਿਟੀ ਨਾਲ ਜੁੜੇ ਹੋਰ ਲੋਕਾਂ ਨਾਲ ਲੰਬੀ ਸ਼ਮੂਲੀਅਤ ਦੇ ਆਧਾਰ ਤੇ ਇਹ ਸਪੱਸ਼ਟ ਨਹੀਂ ਹੋਇਆ ਕਿ ਚੈਰਿਟੀ ਜਾਂ ਇਸਦੀ ਸੰਪੱਤੀਆਂ ਦੇ ਪ੍ਰਬੰਧ ਦਾ ਪ੍ਰਭਾਵਸ਼ਾਲੀ ਅਤੇ ਨਿਰੰਤਰ ਨਿਯੰਤਰਣ

ਕਿਸਨੇ ਕੀਤਾ। ਜਦਕਿ ਸਥਿਤੀ ਉਲਝੀ ਰਹੀ ਕਮੀਸ਼ਨ ਦਾ ਵਿਚਾਰ ਇਹ ਸੀ ਕਿ ਇਹਚੈਰਿਟੀ ਦੀਆਂ ਸੰਪੱਤੀਆ, ਸੰਪੱਤੀ ਅਤੇ ਲਗਾਤਾਰ ਕਾਰਜਾਂ ਲਈ ਮਹੱਤਵਪੂਰਨ ਨਿਰੰਤਰ ਖ਼ਤਰਿਆਂ ਦੀ ਸੰਭਾਵਨਾ ਸੀ।

25 ਅਕਤੂਬਰ, 2012 ਨੂੰ ਕਮੀਸ਼ਨ ਨੇ ਚੈਰਿਟੀਜ਼ ਐਕਟ 2011 ਦੀ ਧਾਰਾ 46 ਦੇ ਤਹਿਤ ਚੈਰਿਟੀ ਵਿੱਚ ਕਾਨੂੰਨੀ ਜਾਂਚ ਸ਼ੁਰੂ ਕੀਤੀ। ਇਹ ਜਾਂਚ 30 ਜੁਲਾਈ, 2014 ਨੂੰ ਇਸ ਰਿਪੋਰਟ ਦੇ ਪ੍ਰਕਾਸ਼ਨ ਨਾਲ ਬੰਦ ਹੋ ਗਈ।

ਕਾਨੂੰਨੀ ਜਾਂਚ ਨੂੰ ("ਦ ਇਨਕਵਾਇਰੀ") ਹੇਠਾਂ ਦਿੱਤੇ ਮੁੱਖ ਮੁੱਦਿਆਂ ਦਾ ਹੱਲ ਲੱਭਣ ਅਤੇ ਇਨ੍ਹਾਂ ਵਿੱਚ ਛਾਣਬੀਣ ਕਰਨ ਲਈ ਖੋਲਿਆ ਗਿਆ ਸੀ:

- ਚੈਰਿਟੀਦਾ ਵਿੱਤੀ ਨਿਯੰਤਰਣ ਅਤੇ ਵਿੱਤੀ ਪ੍ਰਬੰਧ,ਇਹ ਧਿਆਨ ਵਿੱਚ ਰੱਖਦੇ ਹੋਏQ ਕਿ ਕੀ ਚੈਰੀਟੇਬਲ ਫੰਡਾਂ ਅਤੇ/ਜਾਂ ਹੋਰ ਸੰਪੱਤੀ ਨੂੰ ਕੋਈ ਖ਼ਤਰਾ ਜਾਂ ਨਹੀਂ; ਅਤੇ
- ਚੈਰਿਟੀ ਦਾ ਭਵਿੱਖ ਸੰਚਾਲਨ।

ਕਿਸੇ ਵੀ ਜਾਇਜ਼ ਤੌਰ ਤੇ ਨਿਯੁਕਤ ਕੀਤੇ ਟਰੱਸਟੀਆਂ ਦੀ ਗੈਰਮੌਜੂਦਗੀ ਵਿੱਚ ਤਹਿਕੀਕਾਤ ਨੇ ਪਹਿਲਾਂ ਦੇ ਅੰਤਰਿਮ ਟਰੱਸਟੀਆਂ ਅਤੇ ਉਸ ਵਿਅਕਤੀ ਨਾਲ ਗੱਲ ਕਰਨ ਦਾ ਨਿਰਣਾ ਲਿਆ ਜੋ ਚੈਰੀਟੇਬਲ ਫੰਡਾਂ ਦੇ ਟਰੱਸਟੀ ਦੇ ਤੌਰ ਤੇ ਚੈਰਿਟੀ ਦੇ ਵਿੱਤਾਂ ਨੂੰ ਨਿਯੰਤਰਿਤ ਕਰਦੇ ਸੀ। ਜਾਚਕਰਤਾਵਾਂ ਨੇ ਚੈਰਿਟੀ ਦੇ ਸਮੁਦਾਇ ਲਈ ਵਿਵਰਣ ਵੀ ਬਣਾਏ ਜਿਹਨਾਂ ਦਾ ਅਨੁਵਾਦ ਕੀਤਾ ਗਿਆ ਅਤੇ ਇਹਨਾਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਚੈਰਿਟੀ ਦੇ ਪਰਿਸਰਾਂ ਵਿੱਚ ਲਗਾਇਆ ਗਿਆ ਕਿ ਜਾਂਚ ਦੇ ਮੁੱਖ ਵਿਕਾਸਾਂ ਬਾਰੇ ਸਮੁਦਾਇ ਅਤੇ ਮੈਂਬਰਾਂ ਨੂੰ ਸੂਚਿਤ ਰੱਖਿਆ ਜਾਵੇ।

ਨਤੀਜੇ

**1)** ਚੈਰਿਟੀ ਦਾ ਵਿੱਤੀ ਨਿਯੰਤਰਣ ਅਤੇ ਵਿੱਤੀ ਪ੍ਰਬੰਧ**,** ਇਹ ਧਿਆਨ ਵਿੱਚ ਰੱਖਦੇ ਹੋਏ ਕਿ ਕੀ ਚੈਰੀਟੇਬਲ ਫੰਡਾਂ ਅਤੇ**/**ਜਾਂ ਹੋਰ ਸੰਪੱਤੀ ਨੂੰ ਕੋਈ ਖ਼ਤਰਾ ਜਾਂ ਨਹੀਂ

ਜਾਂਚ ਵਿੱਚ ਪਤਾ ਲੱਗਿਆ ਕਿ ਭੂਤਪੂਰਵ ਟਰੱਸਟੀ ਅਤੇ ਭੂਤਪੂਰਵ ਅੰਤਰਿਮ ਟਰੱਸਟੀ ਨਿੱਜੀ ਹਿੱਤਾਂ ਨੂੰ ਇੱਕ ਪਾਸੇ ਰੱਖਣ ਅਤੇ ਚੈਰਿਟੀ ਦੇ ਹਿੱਤਾਂ ਨੂੰ ਪਹਿਲਾਂ ਰੱਖਣ ਵਿੱਚ ਅਯੋਗ ਹਨ ਅਤੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਅੰਤਰਿਮ ਟਰੱਸਟੀਆਂ ਦੀ ਸਥਿਤੀ ਵਿੱਚ ਉਹਨਾਂ ਨੇ ਸਿੱਧੇ ਹੀ ਉਸ ਸਥਿਤੀ ਵਿੱਚ ਯੋਗਦਾਨ ਦਿੱਤਾ ਜੋ ਚੈਰਿਟੀ ਨੇ ਖੁਦ ਖੋਜੀ ਸੀ।

ਜਾਂਚ ਸ਼ੁਰੂ ਹੋਣ ਦੇ ਸਮੇਂ ਅਪ੍ਰੈਲ 2009 ਤੱਕ ਚੈਰਿਟੀ ਵਿੱਚ ਕੋਈ ਵੀ ਟਰੱਸਟੀ ਦੇ ਅਹੁੱਦੇ ਤੇ ਵੈਧ ਤਰੀਕੇ ਨਾਲ ਨਿਯੁਕਤ ਨਹੀਂ ਹੋਇਆ, ਇਸਦੇ ਨਤੀਜੇ ਵਜੋ; ਕਮੀਸ਼ਨ ਲਈ ਇਹ ਨਿਰਧਾਰਿਤ ਕਰਨਾ ਸੰਭਵ ਨਹੀਂ ਹੈ ਕਿ ਕੀ ਉਸ ਸਮੇਂ ਦੌਰਾਨ ਚੈਰਿਟੀ ਦੇ ਬਿਹਤਰ ਹਿੱਤਾਂ ਵਿੱਚ ਨਿਰਣੇ ਲਏ ਗਏ ਹਨ ਹੈ ਜਾਂ ਨਹੀਂ। ਇਸ ਤੋਂ ਇਲਾਵਾ, ਇਹ ਨਿਰਧਾਰਿਤ ਕਰਨਾ ਸੰਭਵ ਨਹੀਂ ਸੀ, ਕੀ ਕੋਈ ਅਜਿਹਾ ਵਿਅਕਤੀ ਵੀ ਰਿਹਾ ਸੀ ਜਿਸਨੇ ਚੈਰਿਟੀ ਦੇ ਟਰੱਸਟੀ ਦੇ ਤੌਰ ਤੇ ਆਪਣੇ ਕਰਤੱਵ ਦਾ ਸਹੀ ਪਾਲਣ ਕੀਤਾ, ਖਾਸ ਕਰਕੇ ਵਿਵੇਕ ਨਾਲ ਕੰਮ ਕਰਕੇ ਅਤੇ ਚੈਰਿਟੀ ਦੀਆਂ ਸੰਪੱਤੀਆ ਨੂੰ ਸਹੀ ਤਰੀਕੇ ਨਾਲ ਸੁਰੱਖਿਅਤ ਰੱਖ ਕੇ।

ਹਾਲਾਂਕਿ ਚੈਰਿਟੀ ਦਾ ਨਿਰੰਤਰ ਇਸ ਤਰੀਕੇ ਨਾਲ ਚਲਦਾ ਰਿਹਾ ਹੈ ਪਰ ਇੱਕ ਇਹ ਖ਼ਤਰਾ ਹਮੇਸ਼ਾ ਰਿਹਾ ਹੈ ਕਿ ਚੈਰਿਟੀ ਦੇ ਲਾਭਪਾਤਰੀਆਂ ਅਤੇ ਸਮੱਰਥਕਾਂ ਦਾ ਚੈਰਿਟੀ ਤੋਂ ਭਰੋਸਾ ਅਤੇ ਵਿਸ਼ਵਾਸ ਉੱਠ ਜਾਵੇਗਾ। ਚੈਰਿਟੀ ਨੂੰ ਭਵਿੱਖ ਦੇ ਦਾਨਾਂ ਅਤੇ ਇਸ ਦੀਆਂ ਗਤੀਵਿਧੀਆਂ ਜਾਰੀ ਰੱਖਣ ਲਈ ਚੈਰਿਟੀ ਦੀ ਯੋਗਤਾ ਸੰਬੰਧੀ ਵੀ ਇੱਕ ਸੰਭਾਵਿਤ ਖ਼ਤਰਾ

ਰਿਹਾ ਹੈ। ਇਸ ਤੋਂ ਇਲਾਵਾ, ਜੱਦ ਤੱਕ ਚੈਰਿਟੀ ਦੀ ਮੈਂਬਰਸ਼ਿਪ ਲਈ ਲੜਾਈ ਚੱਲਦੀ ਰਹੀ ਹੈ, ਉਸ ਸਮੇਂ ਦੌਰਾਨ ਚੈਰਿਟੀ ਨੂੰ ਦਿੱਤੀ ਜਾਣ ਵਾਲੀ ਮੈਂਬਰਸ਼ਿਪ ਫ਼ੀਸ ਦਾ ਸ਼ਾਇਦ ਭੁਗਤਾਨ ਨਹੀਂ ਹੋਇਆ ਹੈ।

ਜ਼ਮੀਨ ਦੀ ਰਜਿਸਟਰੀ ਸਹਿਤ ਲਏ ਗਏ ਚੈਕ ਦੱਸਦੇ ਹਨ ਕਿ ਚੈਰਿਟੀ ਦੇ ਪਰਿਸਰਾਂ ਦਾ ਰਜਿਸਟਰਡ ਮਾਲਿਕ "ਚੈਰਿਟੀ ਦੇ ਟਰੱਸਟੀਆਂ ਨੂੰਖਾਲਸਾ ਸੈਂਟਰ" ਕਿਹਾ ਜਾਂਦਾ ਹੈ। ਜਿਵੇਂ ਕਿ ਕੋਈ ਟਰੱਸਟੀ ਵੈਧ ਤਰੀਕੇ ਨਾਲ ਨਿਯੁਕਤ ਨਹੀਂ ਕੀਤਾ ਗਿਆ ਸੀ, ਇਹ ਨਿਰੰਤਰ ਖ਼ਤਰਾ ਹਮੇਸ਼ਾ ਰਿਹਾ ਹੈ ਕਿ ਚੈਰਿਟੀ ਦੀਆ ਸੰਪੱਤੀਆ ਦੀ ਸਹੀ ਤਰੀਕੇ ਨਾਲ ਸੰਭਾਲ ਨਹੀਂ ਰੱਖੀ ਗਈ ਹੈ।

ਵੈਧ ਤਰੀਕੇ ਨਾਲ ਨਿਯੁਕਤ ਟਰੱਸਟੀਆਂ ਦੀ ਗੈਰਮੌਜੂਦਗੀ ਦੇ ਨਤੀਜਾ ਵੱਜੋ 2009 ਤੋਂ 2011 ਦੇ ਵਿੱਤੀ ਸਾਲਾਂ ਲਈ ਦਰਜ਼ ਕੀਤੇ ਖ਼ਤਿਆਂ ਤੇ ਉਹਨਾਂ ਵਿਅਕਤੀਆਂ ਦੇ ਦਸਤਖਤ ਹੋਣਾ ਸੀ ਜਿਹਨਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ। ਇਸ ਤੋਂ ਇਲਾਵਾ, ਵਿੱਤੀ ਸਾਲ 2012 ਦੇ ਖ਼ਾਤੇ ਬਕਾਇਆ ਰਹੇਕਿਉਂਕਿ ਕੋਈ ਸਹੀ ਤਰੀਕੇ ਨਾਲ ਚੁਣਿਆ ਟਰੱਸਟੀ ਬੋਰਡ ਨਹੀਂ ਸੀ। ਇਸ ਲਈ  ਕਮੀਸ਼ਨ ਇਸ ਗੱਲ ਤੋਂ ਸੰਤੁਸ਼ਟ ਨਹੀਂ ਹੋ ਸਕਿਆ ਕਿ ਚੈਰਿਟੀ ਦੀਆਂ ਸਾਰੀਆਂ ਸੰਪੱਤੀਆਂ ਦਾ ਸਹੀ ਤਰੀਕੇ ਨਾਲ ਹਿਸਾਬ ਦਿੱਤਾ ਗਿਆ ਹੈ ਜਾਂ ਨਹੀਂ।

18 ਦਸੰਬਰ, 2012 ਨੂੰ ਜਾਂਚਕਰਤਾਵਾਂ ਨੇ ਚੈਰਿਟੀ ਦੇ ਪਰਿਸਰਾਂ ਵਿੱਚ ਰਿਕਾਰਡਾਂ ਦੀ ਜਾਂਚ ਕੀਤੀ। ਨਤੀਜੇ ਦੇ ਤੌਰ ਤੇ ਜਾਂਚਕਰਤਾਵਾਂ ਨੇ ਪਾਇਆ ਕਿ ਚੈਰਿਟੀ ਦੇ ਰੋਜ਼ਾਨਾ ਦੇ ਸੰਚਾਲਨ ਦੇ ਆਧਾਰ ਤੇ ਚੈਰੀਟੇਬਲ ਫੰਡਾਂ ਨੂੰ ਕੋਈ ਖ਼ਤਰਾ ਨਹੀਂ ਸੀ। ਜਾਂਚ ਸ਼ੁਰੂ ਕਰਨ ਤੋਂ ਪਹਿਲਾਂ ਕਮੀਸ਼ਨ ਦੁਆਰਾ ਜਿਨ੍ਹਾਂ ਵਿਸ਼ੇਸ਼ ਵਿੱਤੀ ਮੁੱਦਿਆਂ ਦੀ ਪਹਿਚਾਣ ਕੀਤੀ ਗਈ ਸੀ, ਉਨ੍ਹਾਂ ਨੂੰ ਇਸ ਜਾਂਚ ਦੌਰਾਨ ਹੱਲ ਕੀਤਾ ਗਿਆ ਸੀ

ਜਾਂਚ ਵਿੱਚ ਪਾਇਆ ਗਿਆ:

- ਇੱਕ £10,000 ਦੀ ਵਿਸ਼ੇਸ਼ ਟ੍ਰਾਂਸਫ਼ਰ ਜਿਹੜੀ ਸਹੀ ਮੇਲ ਨਹੀਂ ਹੋ ਸਕਦੀ ਉਹ ਅਸਲ ਵਿੱਚ ਬੈਂਕ ਦੀ ਗਲਤੀ ਸੀ ਜਿਸ ਦੌਰਾਨ ਬੈਂਕ ਨੇ ਚਾਲੂ ਖ਼ਾਤੇਵਿੱਚੋਂ ਚੈਰਿਟੀ ਦੇ ਬੱਚਤ ਖ਼ਾਤੇ ਵਿੱਚ ਦੋ ਵਾਰੀ £10,000 ਟ੍ਰਾਂਸਫ਼ਰ ਕੀਤੇ ਸਨ ਅਤੇ ਗਲਤੀ ਦੀ ਮਾਲੂਮਾਤ ਮਗਰੋ £10,000 ਵਾਪਸ ਚਾਲੂ ਖ਼ਾਤੇ ਵਿੱਚ ਟ੍ਰਾਂਸਫ਼ਰ ਕਰ ਦਿੱਤੇ ਗਏ ਸਨ।

- ਇੱਕ £1,654.11 ਦੀ ਜਮ੍ਹਾਂ ਰਾਸ਼ੀ ਜਿਸਨੂੰ ਦਾਨ ਵੱਜੋਂ ਸੰਬੰਧਿਤ ਨਹੀਂ ਕੀਤਾ ਗਿਆ ਸੀ ਉਹ ਚੈਰਿਟੀ ਦੁਆਰਾ ਇੱਕ ਹੋਰ ਖ਼ਾਤਾ ਬੰਦ ਕਰਨ ਸਮੇਂ ਫੰਡਾਂ ਟ੍ਰਾਂਸਫ਼ਰ ਵਿੱਚ ਮਿਲੀ ਬਕਾਇਆ ਰਾਸ਼ੀ ਸੀ। ਕਮੀਸ਼ਨਨੇ ਬੰਦ ਖ਼ਾਤੇ ਨਾਲ ਮੇਲ ਕਰਦੀ ਬੈਂਕ ਸਟੇਟਮੈਂਟ ਦੀ ਜਾਂਚ ਕੀਤੀ ਅਤੇ ਚੈਰਿਟੀ ਰਾਹੀ ਲਿਖੀ ਉਸ ਚਿੱਠੀ ਦੀ ਵੀ ਜਿਸ ਵਿੱਚ ਬੈਂਕ ਨੂੰ ਖ਼ਾਤਾ ਬੰਦ ਕਰਨ ਲਈ ਕਿਹਾ ਗਿਆ ਸੀ ਅਤੇ ਬਕਾਇਆ ਧਨ ਚਾਲੂ ਖ਼ਾਤੇ ਵਿੱਚ ਟ੍ਰਾਂਸਫ਼ਰ ਕਰਨ ਲਈ ਵੀ ਕਿਹਾ ਗਿਆ ਸੀ; ਅਤੇ

- £15,000 ਦੇ ਬੈਂਕ ਚੈਕ ਦਾ ਸੰਬੰਧ ਵਿਆਹ ਲਈ ਕਿਰਾਏ ਤੇ ਦਿੱਤੇ ਪਰਿਸਰਾਂ ਦੇ ਰੱਦੀਕਰਨ ਨਾਲ ਹੈ। ਚੈਰਿਟੀ ਨੇ ਵਿਆਹ ਅਤੇ ਰੱਦ ਕੀਤੀ ਬੁਕਿੰਗ ਲਈ ਆਪਣੇ ਖ਼ਾਤੇ ਵਿੱਚ £5,000 ਦੀਆਂ ਤਿੰਨ ਅਦਾਇਗੀਆਂ ਪ੍ਰਾਪਤ ਕੀਤੀਆਂ। ਜਾਂਚਕਰਤਾਵਾਂ ਨੇ ਬੁਕਿੰਗ ਫਾਰਮ ਦੀ ਇੱਕ ਨਕਲ ਦੇਖੀ ਜਿਸ ਵਿੱਚ £5,000 ਦੇ ਕਈ ਭੁਗਤਾਨਾਂ ਦੀ ਰਸੀਦ ਅਤੇ ਬਾਅਦ ਵਿੱਚ ਰੱਦੀਕਰਨ ਦਾ ਵੇਰਵਾ ਸੀ।

ਹਾਲਾਂਕਿ ਜਾਂਚਕਰਤਾਵਾਂ ਨੂੰ ਚੈਰਿਟੀ ਦੇ ਰੋਜ਼ਾਨਾ ਦੇ ਵਿੱਤੀ ਪ੍ਰਬੰਧ ਸੰਬੰਧੀ ਕੋਈ ਵਿਸ਼ੇਸ਼ ਮੁੱਦੇ ਨਹੀਂ ਮਿਲੇ, ਜਿਵੇਂ ਕਿ ਕੋਈ ਵੀ ਟਰੱਸਟੀ ਵੈਧ ਤਰੀਕੇ ਨਾਲ ਨਿਯੁਕਤ ਨਹੀਂ ਕੀਤਾ ਗਿਆ ਸੀ, ਉੱਥੇ ਨਿਰੰਤਰ, ਜਾਂਚਕਰਤਾਵਾਂ ਦੇ ਵਿਚਾਰ ਵਿੱਚ, ਚੈਰਿਟੀ ਰਾਹੀ ਰੱਖੇ ਕਿਸੇ ਵੀ ਫੰਡ ਅਤੇ ਚੈਰਿਟੀ ਵਿੱਚ ਆਉਣ ਵਾਲੇ ਫੰਡਾਂ ਨੂੰ ਸਹੀ ਸੰਚਾਲਨ ਦੀ ਕਮੀ ਕਰਕੇ ਖ਼ਾਤਰਾ ਰਿਹਾ ਹੈ।

ਰਿਕਾਰਡਾਂ ਦੀ ਜਾਂਚ ਕਰਦੇ ਹੋਏ, ਜਾਂਚਕਰਤਾਵਾਂ ਦਾ ਵਿਚਾਰ ਸੀ ਕਿ ਚੈਰਿਟੀ ਕੋਲ ਇੱਕ ਅੰਤਰਿਮ ਪ੍ਰਬੰਧਕ ਦੇ ਖਰਚੇ ਪੂਰੇ ਕਰਨ ਲਈ ਜਰੂਰੀ ਸਧਾਰਨ ਫੰਡ ਨਹੀਂ ਹਨ, ਇਸ ਕਰਕੇ, ਅਜਿਹੇ ਵਿਕਲਪ ਨੂੰ ਉਸ ਸਮੇਂ ਜਾਂਚਕਰਤਾਵਾਂ ਨੇ ਮੌਜੂਦ ਇਖਤਿਆਰ ਨਹੀਂ ਸਮਝਿਆ। ਜਾਂਚਕਰਤਾਵਾਂ ਨੂੰ ਪਤਾ ਸੀ ਕਿ ਚੈਰਿਟੀ ਦੇ ਬੱਚਤ ਖ਼ਾਤੇ ਵਿੱਚ £150,000 ਹਨ ਪਰੰਤੂ ਉਸ ਸਮੇਂ ਜਾਂਚਕਰਤਾਵਾਂ ਨੇ ਸਮਝਿਆ ਕਿ ਇਹ ਫੰਡ ਪ੍ਰਤੀਬੰਧਿਤ ਫੰਡ ਸਨ ਅਤੇ ਇਹਨਾਂ ਦੀ ਵਰਤੋਂ ਕੇਵਲ ਚੈਰਿਟੀ ਦੇ ਪਰਿਸਰਾਂ ਵਿੱਚ ਨਿਰਮਾਣ ਅਤੇ ਨਵੀਨੀਕਰਨ ਦੇ ਉਦੇਸ਼ ਲਈ ਹੀ ਕੀਤੀ ਜਾ ਸਕਦੀ ਹੈ।

ਇਸ ਆਧਾਰ ਤੇ ਜਾਂਚਕਰਤਾ ਨੇ ਇਸ ਗੱਲ ਤੇ ਵਿਚਾਰ ਦਿੱਤਾ ਕਿ ਚੈਰਿਟੀ ਦਾ ਸਹੀ ਸੰਚਾਲਨ ਸਥਾਪਿਤ ਕਰਨ ਲਈ ਹੋਰ ਕਿਹੜੇ ਵਿਕਲਪ ਉਪਲਬਦ ਹਨ।

2011 ਐਕਟ ਦੀ ਧਾਰਾ 111(1)(b) ਦੇ ਤਹਿਤ ਕਮੀਸ਼ਨ ਕੋਲ ਚੈਰਿਟੀ ਦੀ ਮੈਂਬਰਸ਼ਿਪ ਨਿਰਧਾਰਿਤ ਕਰਨ ਦੀ ਸ਼ਕਤੀ ਹੈ। 8 ਮਾਰਚ, 2013 ਨੂੰ ਚੈਰਿਟੀ ਕੋਲੋ ਚੈਰਿਟੀ ਦੇ ਮੈਂਬਰਸ਼ਿਪ ਰਿਕਾਰਡ ਅਤੇ ਅਜਿਹੀ ਪ੍ਰਕਿਰਿਆ ਮੁਹੱਇਆ ਕਰਨ ਵਾਸਤੇ ਦਰਖਾਸਤ ਕੀਤੀ ਗਈ ਜਿਹੜੀ ਚੈਰਿਟੀ ਨੇ ਪਹਿਲਾਂ ਵਰਤੀ ਜਿਸ ਰਾਹੀ ਮੈਂਬਰਸ਼ਿਪ ਪੱਕੀ ਜਾ ਮੁਖਤਿਆਰ ਬਣਾਈ ਗਈ ਸੀ। ਇਸ ਦਾ ਕਾਰਨ ਜਾਂਚ ਵਿੱਚ ਇਹ ਨਿਰਧਾਰਿਤ ਕਰਨਾ ਸੀ ਕਿ ਕੀ ਮੈਂਬਰਸ਼ਿਪ ਨਿਰਧਾਰਿਤ ਕਰਨਾ ਸਹੀ ਵਿਕਲਪ ਹੈ। ਜਾਂਚਕਰਤਾਵਾਂ ਨੇ ਇਸ ਜਾਣਕਾਰੀ ਦੀ ਪ੍ਰਾਪਤੀ ਵਾਸਤੇ 22 ਅਪ੍ਰੈਲ, 2013 ਨੂੰ ਇੱਕ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ ਜਾਂਚ ਵਾਸਤੇ ਚੈਰਿਟੀ ਦੇ ਮੈਂਬਰਸ਼ਿਪ ਰਿਕਾਰਡ ਪੇਸ਼ ਕੀਤੇ ਗਏ ਸਨ ਅਤੇ ਮੈਂਬਰਸ਼ਿਪ ਨਿਰਧਾਰਿਤ ਕਰਨ ਦੀ ਪ੍ਰਕਿਰਿਆ ਤੇ ਹੋਰ ਵਿਚਾਰ ਕੀਤਾ ਗਿਆ।

ਜੂਨ 2013 ਵਿੱਚ ਜਾਂਚਕਰਤਾਵਾਂ ਨੂੰ ਚੈਰਿਟੀ ਦੇ ਕੁਝ ਮੈਂਬਰਾਂ ਨੇ ਦੱਸਿਆ ਕਿ ਚੈਰਿਟੀ ਦੇ ਬੱਚਤ ਖ਼ਾਤੇ ਵਿੱਚ ਰੱਖੇ ਫੰਡ ਪ੍ਰਤੀਬੰਧਿਤ ਪ੍ਰੋਜੈਕਟ ਦੇ ਆਮ ਇਰਾਦੇ ਨਾਲ ਇਕੱਠੇ ਕੀਤੇ ਗਏ ਹਨ। ਫੰਡਾਂ ਨੂੰ ਵਿਸ਼ੇਸ਼ ਤੌਰ ਤੇ ਇਸ ਆਧਾਰ ਤੇ ਇਕੱਠੇ ਨਹੀਂ ਕੀਤਾ ਗਿਆ ਸੀ। ਇਸ ਨਤੀਜੇ ਵਜੋਂ ਪੈਦਾ ਹੋਣ ਵਾਲੇ ਖ਼ਤਰਿਆਂ ਦੇ ਉਪਾਅ ਲਈ, ਚੈਰਿਟੀ ਦੇ ਸਮੁਦਾਇ ਦੀ ਇੱਕ ਸਟੇਟਮੈਂਟ ਚੈਰਿਟੀ ਦੇ ਪਰਿਸਰਾਂ ਵਿੱਚ ਲਗਾਈ ਗਈ ਜਿਸ ਵਿੱਚ ਜਾਚਕਰਤਾਵਾਂ ਦਾ ਵਿਚਾਰ ਦੱਸਿਆ ਗਿਆ ਕਿ ਫੰਡ ਪ੍ਰਤੀਬੰਧਿਤ ਨਹੀਂ ਹਨ। ਇਸ ਵਿਚਾਰ ਸੰਬੰਧੀ ਵਿਵਾਦ ਹੋਣ ਤੇ ਸਮੁਦਾਇ ਨੂੰ 5 ਅਗਸਤ, 2013 ਤੱਕ ਦਰਖ਼ਾਸਤ ਦੇਣ ਲਈ ਕਿਹਾ ਗਿਆ ਸੀ। ਕੋਈ ਦਰਖ਼ਾਸਤ ਪ੍ਰਾਪਤ ਨਹੀਂ ਹੋਈ।

ਜਾਂਚਕਰਤਾਵਾਂ ਨੇ ਇਸ ਦੇ ਅੰਤਿਮ ਵਿਚਾਰ ਤੇ ਕੰਮ ਕੀਤਾ ਕਿ ਚੈਰਿਟੀ ਦੇ ਬੱਚਤ ਖ਼ਾਤੇ ਵਿੱਚ ਪਏ ਫੰਡ ਪ੍ਰਤੀਬੰਧਿਤ ਨਹੀਂ ਹਨ ਅਤੇ ਇਹਨਾਂ ਦੀ ਵਰਤੋਂ ਇੱਕ ਅੰਤਰਿਮ ਪ੍ਰਬੰਧਕ ਦੀਆਂ ਲਾਗਤਾਂ ਪੂਰੀਆਂ ਕਰਨ ਲਈ ਕੀਤੀ ਜਾ ਸਕਦੀ ਹੈ। ਜਾਂਚਕਰਤਾਵਾਂ ਕੋਲ ਇਸ ਲਈ ਮੌਜੂਦ ਪ੍ਰਮਾਣ ਦੇ ਆਧਾਰ ਤੇ ਮੰਨਣਯੋਗ ਜਬਰਦਸਤ ਕਾਰਨ ਸੀ ਕਿ ਭੂਤਪੂਰਵ ਟਰੱਸਟੀਆਂ ਅਤੇ ਅੰਤਰਿਮ ਟਰੱਸਟੀਆਂ ਦੁਆਰਾ ਚੈਰਿਟੀ ਦੇ ਪ੍ਰਸ਼ਾਸਨ ਵਿੱਚ ਖ਼ਰਾਬ ਵਿਵਸਥਾ ਰਹੀ ਅਤੇ ਚੈਰਿਟੀ ਦੀ ਸੰਪੱਤੀ ਸੁਰੱਖਿਅਤ ਰੱਖਣ ਵਿਸ਼ੇਸ਼ ਕਰ ਚੈਰਿਟੀ ਦੇ ਮਾਮਲਿਆਂ ਦੇ ਹੱਲ ਲਈ ਇੱਕ ਸੁਤੰਤਰ ਅੰਤਰਿਮ ਪ੍ਰਬੰਧਕ ("ਅੰਤਰਿਮ ਪ੍ਰਬੰਧਕ") ਨਿਯੁਕਤ ਕਰਨ ਅਤੇ ਕਾਨੂੰਨੀ ਤੌਰ ਤੇ ਨਿਯੁਕਤ ਟਰੱਸਟੀ ਅਦਾਰਾ ਸਥਾਪਿਤ ਕਰਨ ਲਈ ਚੋਣ ਦਾ ਪ੍ਰਬੰਧ ਕਰਨ ਅਤੇ ਇਸਨੂੰ ਆਸਾਨ ਬਣਾਉਣ ਲਈ ਅਸਥਾਈ ਅਤੇ ਸੁਰੱਖਿਆਤਮਕ ਕਦਮ ਚੁੱਕਣਾ ਜਰੂਰੀ ਸੀ।

ਇਸ ਲਈ ਕਮੀਸ਼ਨ ਨੇ ਉੱਥੇ ਚੈਰੀਟੇਬਲ ਫੰਡ ਸੁਰੱਖਿਅਤ ਰੱਖਣ ਲਈ ਕਦਮ ਚੁੱਕੇ ਜਿੱਥੇ ਚੈਰਿਟੀ ਦੇ ਟਰੱਸਟੀ ਕਦਮ ਚੁੱਕਣ ਵਿੱਚ ਅਯੋਗ ਸਨ ਜਾਂ ਅਣਇੱਛਤ ਸਨ, ਜਨਤਕ ਵਿਸ਼ਵਾਸ ਅਤੇ ਵਿਸ਼ਵਾਸ ਸੰਬੰਧੀ ਉਦੇਸ਼ ਪੂਰਾ ਕਰਨ ਲਈ।

**2)** ਚੈਰਿਟੀ ਦਾ ਭਵਿੱਖ ਦਾ ਸੰਚਾਲਨ

3 ਅਕਤੂਬਰ, 2013 ਨੂੰ ਐਕਟ 2011 ਦੀ ਧਾਰਾ 76(3)(g) ਦੇ ਤਹਿਤ ਸਟੋਨ ਕਿੰਗ LLP ਦੇ ਸ਼੍ਰੀਮਾਨ ਮਾਇਕਲ ਕਿੰਗ ਨੂੰ ਅੰਤਰਿਮ ਪ੍ਰਬੰਧਕ ਨਿਯੁਕਤ ਕਰਨ ਦਾ ਆਦੇਸ਼ ਜਾਰੀ ਕੀਤਾ ਗਿਆ।

ਅੰਤਰਿਮ ਪ੍ਰਬੰਧਕ ਦੀ ਨਿਯੁਕਤੀ ਚੈਰਿਟੀ ਦੇ ਪ੍ਰਬੰਧ ਅਤੇ ਪ੍ਰਸ਼ਾਸਨ ਤੇ ਹੇਠ ਲਿਖੇ ਨਿਯੰਤਰਣ ਕਰਨ ਲਈ ਕੀਤੀ ਗਈ ਸੀ:

ਮੁੱਦਾ1: ਸੰਚਾਲਨ ਪੁਨਰਬਹਾਲ ਕਰਨਾ

- ਚੈਰਿਟੀ ਦੇ ਮੌਜੂਦਾ ਸੰਵਿਧਾਨ ਨੂੰ ਦੇਖ ਕੇ, ਜਿੱਥੋਂ ਤਕ ਸੰਭਵ ਹੋ ਸਕੇ, ਚੈਰਿਟੀ ਦੀ ਮੈਂਬਰਸ਼ਿਪ ਨੂੰ ਨਿਰਧਾਰਤ ਕਰਨਾ;
- ਇੱਕ ਨਵੀਂ ਕਾਰਜਕਾਰੀ ਕਮੇਟੀ ਦੀ ਨਿਯੁਕਤੀ ਲਈ ਚੋਣ ਲਈ ਸੱਦਾ ਦੇਣਾ, ਪ੍ਰਬੰਧ ਕਰਨਾ ਅਤੇ ਨਿਰੀਖਣ ਕਰਨਾ;
- ਇਹ ਸੁਨਿਸ਼ਚਿਤ ਕਰਨ ਲਈ ਚੈਰਿਟੀ ਦੇ ਸੰਵਿਧਾਨ ਦੀ ਸਮੀਖਿਆ ਕਰਨਾ ਕਿ ਚੈਰਿਟੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਲੈ ਜਾਇਆ ਜਾ ਸਕੇ ਅਤੇ ਜੇ ਉਚਿਤ ਹੋਵੇ, ਤਾਂ ਚੈਰਿਟੀ ਦੇ ਮੈਂਬਰ ਬਦਲਣ ਦੇ ਪ੍ਰਸਤਾਵ ਰੱਖਣਾ; ਅਤੇ
- ਨਵੀਂ ਚੁਣੀ ਕਾਰਜਕਾਰੀ ਕਮੇਟੀ ਨੂੰ ਚੈਰਿਟੀ ਦਾ ਪ੍ਰਬੰਧ ਅਤੇ ਪ੍ਰਸ਼ਾਸਨ ਸੌਂਪਣਾ।

ਮੁੱਦਾ 2: ਚੈਰਿਟੀ ਦੇ ਖ਼ਾਤੇ

- 2009 ਤੋਂ 2011 ਦੇ ਵਿੱਤੀ ਸਾਲਾਂ ਦੇ ਚੈਰਿਟੀ ਦੇ ਖ਼ਾਤਿਆਂ ਦੀ ਸਮੀਖਿਆ ਕਰਨਾ ਅਤੇ ਜਿੱਥੇ ਲੋੜ ਪਵੇ ਕਮੀਸ਼ਨ ਨਾਲ ਖ਼ਾਤਿਆਂ ਵਿੱਚ ਸੰਸ਼ੋਧਨ, ਹਸਤਾਖ਼ਰ ਅਤੇ ਦਰਜ਼ ਕਰਨਾ; ਅਤੇ
- ਵਿੱਤੀ ਸਾਲ 2012 ਦੇ ਅੰਤ ਵਿੱਚ ਚੈਰਿਟੀ ਦੇ ਖ਼ਾਤਿਆਂ ਨੂੰ ਸੰਕਲਿਤ ਕਰਨਾ, ਸਮਾਪਤ ਕਰਨਾ ਅਤੇ ਦਰਜ਼ ਕਰਨਾ।

ਅੰਤਰਿਮ ਪ੍ਰਬੰਧਕ ਦੀਆਂ ਕਿਰਿਆਵਾਂ

ਇਸ ਨਿਯੁਕਤੀ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਅੰਤਰਿਮ ਪ੍ਰਬੰਧਕ ਨੇ ਮੈਂਬਰਸ਼ਿਪ ਸੰਬੰਧੀ ਅਰਜ਼ੀ ਲਈ ਅਤੇ ਚੈਰਿਟੀ ਦੀ ਮੈਂਬਰਸ਼ਿਪ ਨਿਰਧਾਰਿਤ ਕਰਨ ਲਈ ਜਾਂਚ ਪ੍ਰਕਿਰਿਆ ਸ਼ੁਰੂ ਕੀਤੀ, ਜਿਸ ਤੋਂ ਬਿਨਾਂ ਇਹ ਸਪੱਸ਼ਟ ਸੀ ਕਿ ਚੈਰਿਟੀ ਦੇ ਟਰੱਸਟੀਆਂ ਦੀ ਨਿਰਪੱਖ ਚੋਣ ਨਹੀਂ ਹੋ ਸਕਦੀ। ਅੰਤਰਿਮ ਪ੍ਰਬੰਧਕ ਨੇ ਗੁਰਦੁਆਰੇ ਦੇ ਮੁੱਖ ਮੈਂਬਰਾਂ ਅਤੇ ਬਾਅਦ ਵਿੱਚ ਮੈਂਬਰਾਂ ਦੇ ਵਿਸਤ੍ਰਿਤ ਸਮੂਹ ਨਾਲ ਨਿਯੁਕਤੀ ਦੀ ਪ੍ਰਕਿਰਿਆ ਅਤੇ ਮੂਲ ਆਧਾਰ ਦਾ ਵਰਣਨ ਕਰਨ ਲਈ ਮੀਟਿੰਗਾਂ ਕੀਤੀਆਂ। ਕੁੱਲ 419 ਮੈਂਬਰ ਰਜਿਸਟਰਡ ਹੋਏ ਅਤੇ ਪ੍ਰਕਿਰਿਆ ਦੁਆਰਾ ਜਾਂਚੇ ਗਏ।

ਇਸ ਤੋਂ ਬਾਦ 16 ਫਰਵਰੀ, 2014 ਨੂੰ ਚੈਰਿਟੀ ਵਿੱਚ ਅਸਧਾਰਨ ਜਨਰਲ ਮੀਟਿੰਗ (EGM) ਕੀਤੀ ਗਈ। EGM ਵਿੱਚ ਇੱਕ ਨਵੀ ਨਿਰਧਾਰਿਤ ਮੈਂਬਰਸ਼ਿਪ ਨਾਲ ਨਵੇਂ ਟਰੱਸਟੀ ਅਦਾਰੇ ਦੀ ਚੋਣ ਕੀਤੀ ਗਈ। ਜਾਂਚਕਰਤਾਵਾਂ ਨੇ ਦੱਸਿਆ ਕਿ ਚੈਰਿਟੀ ਦੀ 87% ਰਜਿਸਟਰਡ ਮੈਂਬਰਸ਼ਿਪ ਨੇ ਚੋਣ ਵਿੱਚ ਵੋਟ ਪਾਈ।

9 ਜਨਵਰੀ 2014 ਨੂੰ ਅੰਤਰਿਮ ਪ੍ਰਬੰਧਕ ਨੇ ਜਾਂਚਕਰਤਾਵਾਂ ਨੂੰ ਸੂਚਿਤ ਕੀਤਾ ਕਿ ਉਸ ਨੂੰ ਗੁਰਦੁਆਰੇ ਦੇ ਅਨੇਕਾਂ ਮੈਂਬਰਾਂ ਦੇ ਵਿਹਾਰ ਸੰਬੰਧੀ ਕਈ ਗੰਭੀਰ ਦੋਸ਼ਾ ਬਾਰੇ ਰਿਪੋਰਟ ਕੀਤੀ ਗਈ ਹੈ, ਪਰੰਤੂ ਵਿਸ਼ੇਸ਼ ਤੌਰ ਤੇ ਇਹ ਅਜਿਹੇ ਵਲੰਟੀਅਰ ਸੰਬੰਧੀ ਹੈ ਜਿਸ ਨੂੰ ਸਧਾਰਨ ਤੌਰ ਤੇ ਮੈਂਬਰਾਂ ਦੁਆਰਾ "ਪ੍ਰਧਾਨ" ਮੰਨਿਆ ਜਾਂਦਾ ਹੈ। ਇਹਨਾਂ ਦੋਸ਼ਾਂ ਵਿੱਚ ਧੋਖੇ ਤੋਂ ਲੈ ਕੇ ਬੱਚਿਆਂ ਅਤੇ ਕਮਜ਼ੋਰ ਲੋਕਾਂ ਦੇ ਦੁਰਵਿਹਾਰ ਦੇ ਅਣਧਿਕ੍ਰਿਤ ਲਾਭਾਂ ਦੀ ਰਸੀਦ ਸ਼ਾਮਿਲ ਸੀ। ਕੁਝ ਸ਼ਿਕਾਇਤਾਂ ਦੇ ਸਮੱਰਥਨ ਵਿੱਚ ਕੁਝ ਪ੍ਰਮਾਣ ਵੀ ਸਨ। ਇਹ ਸਹਿਮਤੀ ਪ੍ਰਗਟ ਕੀਤੀ ਗਈ ਕਿ, ਕੀ ਜੇਕਰ ਅੰਤਰਿਮ ਪ੍ਰਬੰਧਕ ਰਸਮੀ ਤਰੀਕੇ ਨਾਲ ਦੋਸ਼ਾਂ ਦਾ ਵਰਣਨ ਕਰਨ ਦੀ ਸਥਿਤੀ ਵਿੱਚ ਨਜ਼ਰ ਨਹੀਂ ਆਉਂਦਾ ਤਾਂ, ਉਸਦਾ ਪਦ- ਅਤੇ ਹੋਰ ਮਹੱਤਵਪੂਰਨ ਟਰੱਸਟੀਆਂ ਦੀ ਚੋਣ-ਕਮਜ਼ੋਰ ਵੇਖੀ ਜਾਵੇਗੀ ਅਤੇ ਇਹ ਨਿਯੁਕਤੀ ਦੇ ਮੁੱਖ ਟੀਚੇ ਤੇ ਨਕਾਰਾਤਮਕ ਤਰੀਕੇ ਨਾਲ ਪ੍ਰਭਾਵ ਪਾ ਸਕਦੀ ਹੈ ਜੋ ਕਿ ਚੈਰਿਟੀ ਦੇ ਪਿੱਛੇ ਸੰਚਾਲਨ ਸਥਾਪਿਤ ਕਰਨ ਲਈ ਸੀ।

7 ਫਰਵਰੀ, 2014 ਨੂੰ ਅੰਤਰਿਮ ਪ੍ਰਬੰਧਕ ਦੀ ਨਿਯੁਕਤੀ ਵਿੱਚ ਹੇਠ ਸ਼ਾਮਿਲ ਕਰਨ ਲਈ ਉਸ ਦੀਆਂ ਜ਼ਿੰਮੇਵਾਰੀਆਂ ਨੂੰ ਵਧਾਉਣ ਵਾਸਤੇ ਚੈਰਿਟੀਜ਼ ਐਕਟ 2011 ਦੀ ਧਾਰਾ 337(6) ਦੇ ਤਹਿਤ ਪਰਵਰਤਿਤ ਹੋ ਗਈ:

- ਮੁੱਦਾ 3: ਚੈਰਿਟੀ ਦੇ ਪ੍ਰਬੰਧ ਅਤੇ ਪ੍ਰਸ਼ਾਸਨ ਅਤੇ/ਜਾਂ ਮੂਲ ਆਦੇਸ਼ ਤਹਿਤ ਆਪਣੀ ਡਿਊਟੀ ਦੇ ਡਿਸਚਾਰਜ ਵਿੱਚ ਅੰਤਰਿਮ ਪ੍ਰਬੰਧਕ ਦੇ ਧਿਆਨ ਵਿੱਚ ਲਿਆਏ ਗਏ ਕਰਮਚਾਰੀ ਸੰਬਧੀ ਵੱਖ-ਵੱਖ ਦੋਸ਼ਾਂ ਅਤੇ ਸ਼ਿਕਾਇਤਾਂ ਦੀ ਸਮੀਖਿਆ ਕਰਨਾ ਅਤੇ ਉਹਨਾਂ ਦਾ ਹੱਲ ਕਰਨਾ;

- ਮੁੱਦਾ 4: ਚੈਰਿਟੀ ਵਿੱਚ ਪ੍ਰਸ਼ਾਸਨ ਅਫ਼ਸਰ ਦੀ ਨਿਯੁਕਤੀ ਅਤੇ ਨਿਰੀਖਣ ਕਰਨਾ ਜਿਸਦੀ ਭੂਮਿਕਾ ਚੈਰਿਟੀ ਦੀਆਂ ਵਿੱਤੀ ਅਤੇ ਪ੍ਰਸ਼ਾਸਨਿਕ ਗਤੀਵਿਧੀਆਂ ਨੂੰ ਨਿਯਮਿਤ ਕਰਨ ਵਿੱਚ ਸਹਾਇਤਾ ਕਰੇਗੀ;

- ਮੁੱਦਾ 5: ਚੈਰਿਟੀ ਦੀ ਬਕਾਇਆ ਟੈਕਸ ਜ਼ਿੰਮੇਵਾਰੀਆਂ ਦੇ ਸੰਬੰਧ ਵਿੱਚ ਕਿਸੇ ਮੁੱਦੇ ਬਾਰੇ ਦੱਸਣਾ;

- ਆਮ ਤੌਰ ਤੇ ਅਜਿਹੇ ਕਾਰਜ ਹਟਾਉਣਾ ਜਿਸ ਲਈ ਕਮੀਸ਼ਨ ਬੇਨਤੀ ਕਰ ਸਕਦਾ ਹੈ;

ਉਸਦੀ ਨਿਯੁਕਤੀ ਵਿੱਚ ਤਬਦੀਲੀ ਤੇ ਅੰਤਰਿਮ ਪ੍ਰਬੰਧਕ ਨੇ ਉਸਦੀ ਨਿਯੁਕਤੀ ਦੌਰਾਨ ਉਸਨੂੰ ਦੋਸ਼ਾਂ ਬਾਰੇ ਦੱਸਣ ਲਈ ਕਦਮ ਚੁੱਕੇ। ਦੋਸ਼ ਅਤੇ ਸ਼ਿਕਾਇਤਾਂ ਦੀ ਜਾਂਚ ਦਾ ਨਤੀਜਾ ਬਾਕੀ ਰਹਿਣ ਤੇ ਚੈਰਿਟੀ ਦੇ ਦਫ਼ਤਰ ਵਿੱਚ ਕੰਮ ਕਰ ਰਹੇ ਚੈਰਿਟੀ ਦੇ ਇੱਕ ਮੈਂਬਰ ਨੂੰ ਉਸਦੇ ਵਲੰਟੀਅਰ ਦੇ ਪਦ ਤੋਂ ਨਿਲੰਬਿਤ ਕਰ ਦਿੱਤਾ ਗਿਆ ਅਤੇ ਚੈਰਿਟੀ ਦੇ ਪ੍ਰਬੰਧਨ ਵਿੱਚ ਸਹਾਇਤਾ ਕਰਨ ਲਈ ਇੱਕ ਸਤੁੰਤਰ ਪ੍ਰਸ਼ਾਸ਼ਨਿਕ ਅਫ਼ਸਰ ਦੀ ਨਿਯੁਕਤੀ ਕੀਤੀ ਗਈ।

ਅੰਤਰਿਮ ਪ੍ਰਬੰਧਕ ਨੇ ਇੱਕ ਚਾਰਟਡ ਅਕਾਊਟੈਂਟ ਜੋਨ ਡੀਕਰੂਜ਼-ਯੰਗ ਨੂੰ ਆਪਣੇ ਪ੍ਰਸ਼ਾਸਨਿਕ ਅਫ਼ਸਰ ਦੇ ਤੌਰ ਤੇ ਨਿਯੁਕਤ ਕੀਤਾ ਅਤੇ ਉਸਨੂੰ ਚੈਰਿਟੀ ਦੇ ਦਫ਼ਤਰ ਵਿੱਚ ਅੰਸ਼ਕਾਲਿਕ ਆਧਾਰ ਤੇ ਰੱਖਿਆ ਗਿਆ। ਇਸ ਤਰ੍ਹਾਂ ਬਾਅਦ ਦੀ ਨਿਯੁਕਤੀ ਦੇ ਅੰਤ ਤੱਕ ਉਹ ਅੰਤਰਿਮ ਪ੍ਰਬੰਧਕ ਦੀਆਂ "ਅੱਖਾਂ ਅਤੇ ਕੰਨ" ਸੀ।

26 ਫਰਵਰੀ, 2014 ਨੂੰ ਅੰਤਰਿਮ ਪ੍ਰਬੰਧਕ ਨੇ ਮੁੱਦਾ 3 ਸੰਬੰਧੀ ਆਪਣੇ ਨਤੀਜੇ ਨਿਰਧਾਰਿਤ ਕਰਨ ਲਈ ਆਪਣੀ ਰਿਪੋਰਟ ਜਮ੍ਹਾਂ ਕਰਵਾਈ। ਇਸ ਰਿਪੋਰਟ ਨੂੰ ਨਵੀਂ ਚੁਣੀ ਕਾਰਜਕਾਰੀ ਕਮੇਟੀ ਅਤੇ ਹੋਰ ਚਾਹਵਾਨ ਪਾਰਟੀਆਂ

ਪਰਸਪਰ ਵੀ ਸੰਚਾਰਿਤ ਕੀਤਾ ਗਿਆ। ਇਸ ਰਿਪੋਰਟ ਸੰਬੰਧੀ ਹੋਰ ਜਾਣਕਾਰੀ ਅੰਤਰਿਮ ਪ੍ਰਬੰਧਕ ਦੇ ਨਤੀਜੇ/ਟਿੱਪਣੀਆਂ ਤਹਿਤ ਹੇਠਾਂ ਦਿੱਤੀਆਂ ਗਈਆਂ ਹਨ।

13 ਮਾਰਚ, 2014 ਨੂੰ ਅੰਤਰਿਮ ਪ੍ਰਬੰਧਕ ਨੇ ਟਰੱਸਟੀ ਰਿਪੋਰਟਾਂ ਅਤੇ ਵਿੱਤੀ ਸਾਲ 2009, 2010, 2011, 2012 ਅਤੇ 2013 ਦੇ ਹਸਤਾਖ਼ਰਿਤ ਖ਼ਾਤੇ ਜਮ੍ਹਾਂ ਕਰਵਾਏ।

26 ਮਾਰਚ, 2014 ਨੂੰ ਚੈਰਿਟੀ ਵਿੱਚ ਨਵੇਂ ਚੁਣੇ ਟਰੱਸਟੀਆਂ ਲਈ ਟਰੱਸਟੀਸ਼ਿਪ ਸੌਂਪਦੇ ਹੋਏ, ਕਮੀਸ਼ਨ ਨੇ ਨਿਰਧਾਰਿਤ ਕੀਤਾ ਕਿ ਅੰਤਰਿਮ ਪ੍ਰਬੰਧਕ ਨੇ ਆਪਣੀ ਨਿਯੁਕਤੀ ਦੀਆਂ ਸ਼ਰਤਾਂ ਨੂੰ ਪੂਰਾ ਕੀਤਾ ਹੈ ਅਤੇ ਉਸਨੂੰ ਚੈਰਿਟੀ ਤੋਂ ਬਰਖਾਸਤ ਕਰ ਦਿੱਤਾ ਗਿਆ।

ਅੰਤਰਿਮ ਪ੍ਰਬੰਧਕ ਦੇ ਨਤੀਜੇ/ਟਿੱਪਣੀਆਂ

ਮੈਂ ਪਾਇਆ ਕਿ ਜਦਕਿ ਚੈਰਿਟੀ ਦੇ ਕੁਝ ਮੈਂਬਰ ਬਦਲਾਅ ਕਰਨਾ ਚਾਹੁੰਦੇ ਸਨ ਅਤੇ ਗੁਰਦੁਆਰੇ ਦਾ ਪ੍ਰਬੰਧ ਵਲੰਟੀਅਰ ਜਿਸਨੂੰ "ਪ੍ਰਧਾਨ" ਕਿਹਾ ਜਾਂਦਾ ਹੈ (ਹਾਲਾਂਕਿ ਉਸਦੀ ਉਸ ਤਰ੍ਹਾਂ ਚੋਣ ਨਹੀਂ ਹੋਈ ਸੀ) ਦੇ ਹੱਥ ਵਿੱਚ ਦੇ ਕੇ ਖੁਸ਼ ਸਨ, ਕਈ ਟੂਟਿੰਗ ਵਿੱਚ ਇਸ ਦੇ ਆਲੇ-ਦੁਆਲੇ ਸਿੱਖ ਸਮੁਦਾਇ ਲਈ ਚਲ ਰਹੀਆ ਧਾਰਮਿਕ ਅਤੇ ਗੁਰਮਤ ਗਤੀਵਿਧੀਆ ਵਧਾਉਣ ਦੇ ਚਾਹਵਾਨ ਸਨ ਅਤੇ ਉਹ ਚੈਰਿਟੀ ਨੂੰ ਨਵੇਂ ਚੁਣੇ ਟਰੱਸਟੀਆਂ ਦੇ ਸਮੂਹ ਨਾਲ ਚਲਾਉਣਾ ਚਾਹੁੰਦੇ ਸਨ।

"ਪ੍ਰਧਾਨ" ਅਤੇ ਉਸਦੇ ਪਰਿਵਾਰ ਅਤੇ ਦੋਸਤਾਂ ਦੀ ਛੋਟੀ ਜਿਹੀ ਟੀਮ ਨੇ ਚੁਣੇ ਹੋਏ ਟਰੱਸਟੀਆਂ ਦੀ ਗੈਰਮੌਜੂਦਗੀ ਵਿੱਚ ਗੁਰਦੁਆਰਾ ਚਲਾਏ ਰੱਖਣ ਲਈ ਸਖ਼ਤ ਮਿਹਨਤ ਕੀਤੀ ਪਰੰਤੂ ਉਹਨਾਂ ਨੇ ਜੋ ਕੀਤਾ ਉਸ ਵਿੱਚ ਪਾਰਦਰਸ਼ਿਤਾ ਦੀ ਕਮੀ ਸੀ ਅਤੇ ਮੈਂਬਰਾਂ ਨੂੰ ਬਹੁਤ ਘੱਟ ਜ਼ਿੰਮੇਵਾਰੀ ਦਿੱਤੀ ਗਈ ਸੀ ਅਤੇ ਇਹਨਾਂ ਗੱਲਾਂ ਕਾਰਨ ਦੋਸ਼ ਲੱਗੇ ਜਿਹਨਾਂ ਨਾਲ ਨਿਪਟਣਾ ਪਿਆ। ਵਿੱਤੀ ਅਨਿਯਮਿਤਤਾ ਦੇ ਦੋਸ਼ਾਂ ਦੇ ਸਮੱਰਥਨ ਵਿੱਚ ਬਾਹਰੀ ਪ੍ਰਮਾਣਾਂ ਦੀ ਕਮੀ ਸੀ ਅਤੇ ਇਹ ਦਾਅਵਾ ਕੀਤਾ ਗਿਆ ਕਿ ਅੰਤਰਿਮ ਪ੍ਰਬੰਧਕ ਦੀ ਭੂਮਿਕਾ ਸੰਬੰਧੀ ਪ੍ਰਧਾਨ ਵਿਘਨਕਾਰੀ ਅਤੇ ਕਪਟਪੂਰਨ ਹੈ ਜਿਸਦਾ ਅਰਥ ਹੈ ਕਿ ਇੱਕ ਪੱਕੇ ਵਿਚਾਰ ਤੇ ਆਉਣਾ ਮੁਸ਼ਕਿਲ ਸੀ; ਕਈ ਦੋਸ਼ਾਂ ਵਿੱਚ ਇੱਕ ਵਿਅਕਤੀ ਦੀਆਂ ਗੱਲਾਂ ਹੋਰ ਵਿਅਕਤੀ ਦੀਆਂ ਗੱਲਾਂ ਨਾਲ ਸਧਾਰਨ ਜਿਹਾ ਮੁਲਾਂਕਣ ਸ਼ਾਮਿਲ ਸੀ। ਹਾਲਾਂਕਿ ਜੋ ਗੱਲ ਬਿਲਕੁਲ ਸਪੱਸ਼ਟ ਹੋ ਗਈ ਉਹ ਇਹ ਸੀ ਕਿ ਪ੍ਰਧਾਨ ਅਤੇ ਉਸਦੇ ਸਮੱਰਥਕਾਂ ਦੇ ਤੱਤਕਾਲੀ ਸਮੂਹ ਨੇ ਚੈਰਿਟੀ ਦੇ ਚੱਲਣ ਵਾਲੇ ਰੋਜ਼ਾਨਾ ਦੇ ਕੰਮਾਂ ਤੇ ਅਸਰ ਪਾਇਆ ਇੱਕ ਸਥਿਤੀ ਜੋ ਸਪੱਸ਼ਟ ਤੌਰ ਤੇ ਚੈਰਿਟੀ ਦੇ ਚੰਗੇ ਸੰਚਾਲਨ ਵਿਰੁੱਧ ਸੀ।

ਜਦੋਂ ਮੈਂ ਨਿਯੁਕਤ ਕੀਤਾ ਗਿਆ ਸੀ, ਤਾਂ ਮੈਂਬਰਾਂ ਦੇ ਰਜਿਸਟਰ ਵਿੱਚ 700 ਤੋਂ ਵੱਧ ਐਂਟਰੀਆਂ ਸਨ। ਇਹਨਾਂ ਵਿੱਚ, ਕਈ ਐਂਟਰੀਆਂ ਵਿੱਚ ਦੋ ਲੋਕਾਂ (ਆਮ ਤੌਰ ਤੇ ਸ਼੍ਰੀਮਾਨ ਅਤੇ ਸ਼੍ਰੀਮਤੀ ਪਤੀ ਪਤਨੀ) ਲਈ ਇੱਕ ਐਂਟਰੀ ਸੀ, ਅੱਧੇ ਸਾਲ 2011 ਵਿੱਚ ਪਿਛਲੀ ਅਸਫ਼ਲ ਚੋਣ ਵਿੱਚ ਸ਼ਾਮਿਲ ਹੋਏ; ਕਈ ਮੈਂਬਰ ਇੱਕੋ ਪਤੇ ਤੇ ਰਹਿੰਦੇ ਲੱਗ ਰਹੇ ਸਨ ਅਤੇ ਮੈਂ ਨਜ਼ਰ ਮਾਰੀ ਕਿ ਕਈ "ਗੁਪਤ ਮੈਂਬਰ" ਹੋ ਸਕਦੇ ਸਨ ਅਸਲ ਵਿੱਚ ਇਹ ਇੱਕ ਅਜਿਹਾ ਦੋਸ਼ ਹੈ ਜਿਹੜਾ ਮੇਰੇ ਕੋਲ ਕਈ ਮੈਂਬਰਾਂ ਨੇ ਪ੍ਰਗਟ ਕੀਤਾ। ਮੇਰੇ ਮਨ ਵਿੱਚ ਵਿਚਾਰ ਆਇਆ ਕਿ ਸਾਨੂੰ ਇੱਕ ਬਿਲਕੁਲ ਨਵਾਂ ਰਜਿਸਟਰ ਤਿਆਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਪੁਰਾਣੇ ਅਤੇ ਨਵੇਂ ਮੈਂਬਰਾਂ ਨੂੰ ਦੁਬਾਰਾ ਫਿਰ ਰਜਿਸਟਰ ਹੋਣ ਵਾਸਤੇ ਪੁੱਛਿਆ ਜਾਣਾ ਚਾਹੀਦਾ ਹੈ।

ਗੁਪਤ ਮੈਂਬਰਾਂ ਦੇ ਦੋਸ਼ਾਂ ਨਾਲ ਨਿਪਟਣ ਲਈ ਮੈਂ ਨਿਰਣਾ ਲਿਆ ਕਿ ਪ੍ਰਕਿਰਿਆ ਦੇ ਮਹੱਤਵਪੂਰਨ ਭਾਗ ਵਿੱਚ ਸਾਰੇ ਮੈਂਬਰਾਂ ਦੀ ਸਹੀ ਪਹਿਚਾਣ ਹੋਵੇਗੀ। ਇਹ ਕਿਸੇ ਵੀ ਤਰ੍ਹਾ ਆਸਾਨ ਨਹੀਂ ਸੀ ਕਿਉਂਕਿ ਮੈਂਬਰਸ਼ਿਪ ਲਈ ਕਈ ਮੈਂਬਰਾਂ ਅਤੇ ਬਿਨੈਕਾਰਾਂ ਕੋਲ ਰਸਮੀ ਆਈਡੀ ਨਹੀਂ ਸੀ। ਮੈਂ ਦੋ ਵੱਖ-ਵੱਖ ਪੱਖਾਂ ਵਿੱਚੋਂ ਇੱਕ "ID ਜਾਂਚਕਰਤਾ" ਨਾਮ ਦਾ "ਇੱਕ ਸਮੂਹ ਬਣਾਇਆ ਜੋ ਕਿ ਸਪੱਸ਼ਟ ਹੋ ਗਿਆ ਅਤੇ ਉਹ ਬਹੁਤ ਸਹਾਈ ਸਿੱਧ ਹੋਏ, ਪਰੰਤੂ ਰਸਮੀ ID ਦੀ ਕਮੀ ਅਤੇ ਕੁਝ ਹੱਦ ਤੱਕ ਬਿਨੈਕਾਰਾਂ ਦੁਆਰਾ ਅੰਗਰੇਜ਼ੀ ਸਮਝਣ ਦੀ ਅਯੋਗਤਾ ਹੋਣ ਕਾਰਨ ਬੇਸ਼ੱਕ ਪ੍ਰਕਿਰਿਆ ਵਿੱਚ ਦੇਰੀ ਹੋ ਗਈ ਅਤੇ ਇਹ ਬਹਿਸਬਾਜ਼ੀ ਦਾ ਕਾਰਨ ਬਣੀ ਜਿਸ ਵਿੱਚ ਮੈਨੂੰ ਨਿਰਣਾ ਦੇਣਾ ਪਿਆ।

ਇਸ ਪ੍ਰਕਿਰਿਆ ਵਿੱਚ 419 ਮੈਂਬਰ ਨਿਰਧਾਰਿਤ ਸਮਾਂ-ਸੀਮਾਵਾਂ ਵਿੱਚ ਰਜਿਸਟਰਡ ਹੋਏ। ਚੋਣ 16 ਫਰਵਰੀ 2014 ਨੂੰ ਹੋਈ ਅਤੇ ਜਿਸ ਵਿੱਚ ID ਦੀ ਜਾਂਚ, ਮੱਤਦਾਨ ਪੱਤਰ ਜਾਰੀ ਕਰਨਾ ਅਤੇ ਗੁਪਤ ਮੱਤਦਾਨ ਰਾਹੀ 9 ਟਰੱਸਟੀਆਂ ਲਈ ਵੋਟ ਪਾਉਣਾ ਸ਼ਾਮਿਲ ਸੀ।

ਚੈਰਿਟੀ ਦੇ ਸੰਵਿਧਾਨ ਅਨੁਸਾਰ, ਵੋਟਿੰਗ ਮੀਟਿੰਗ ਦੌਰਾਨ ਨਿਜੀ ਰੂਪ ਵਿੱਚ ਕੀਤੀ ਗਈ; ਡਾਕ ਰਾਹੀਂ ਮੱਤਦਾਨ ਅਤੇ ਦੂਜੇ ਵਿਅਕਤੀ ਦੀ ਵੋਟ ਪਾਉਣ ਦੀ ਆਗਿਆ ਨਹੀਂ ਸੀ। ਅਸਲ ਵਿੱਚ 362 ਮੈਂਬਰਾਂ ਨੇ ਵੋਟਾਂ ਪਾਈਆਂ, ਹਾਲਾਂਕਿ 19 ਮੱਤਦਾਨ ਪੱਤਰ ਖ਼ਰਾਬ ਹੋ ਗਏ। ਫਿਰ ਵੋਟਾਂ ਦੀ ਗਿਣਤੀ ਕੀਤੀ ਗਈ ਅਤੇ EGM ਦੇ ਗਠਨ ਦੀ ਘੋਸ਼ਣਾ ਕੀਤੀ ਗਈ ਅਤੇ ਬਾਅਦ ਵਿੱਚ ਕਮੀਸ਼ਨ ਨੂੰ ਸੂਚਿਤ ਕੀਤਾ ਗਿਆ।

ਚੋਣ ਹੋਣ ਤੇ ਮੈਂ ਨਵੇਂ ਟਰੱਸਟੀਆਂ ਨੂੰ ਪ੍ਰਸਤਾਵ ਦਿੱਤਾ ਕਿ ਉਹਨਾਂ ਨੂੰ ਸੀਮਿਤ ਦੇਣਦਾਰੀ ਦੀ ਸੁਰੱਖਿਆ ਦੇਣ ਦੀ ਗਾਰੰਟੀ ਨਾਲ ਕੰਪਨੀ ਲਿਮਿਟਿਡ ਦੇ ਤੌਰ ਤੇ ਚੈਰਿਟੀ ਨਾਲ-ਨਾਲ ਚੋਣ ਪ੍ਰਕਿਰਿਆ ਨੂੰ ਦ੍ਰਿੜ ਕਰਨ ਅਤੇ ਟਰੱਸਟੀਆਂ ਦੇ ਫੇਰ-ਬਦਲ ਵਿੱਚ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਇਸ ਰਿਪੋਰਟ ਦੀ ਤਾਰੀਖ਼ ਤੱਕ ਮੈਂ ਨਹੀਂ ਸੁਣਿਆ ਕਿ, ਕੀ ਕਾਰਜਕਾਰੀ ਕਮੇਟੀ ਨੇ ਮੇਰੀ ਸਲਾਹ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਾਂ ਨਹੀਂ।

Michael King

ਨਤੀਜੇ

ਕਮੀਸ਼ਨ ਨੇ ਨਤੀਜਾ ਕੱਢਿਆ ਕਿ ਭੂਤਪੂਰਵ ਟਰੱਸਟੀਆਂ ਅਤੇ ਅੰਤਰਿਮ ਟਰੱਸਟੀਆ ਦੁਆਰਾ ਚੈਰਿਟੀ ਦੇ ਪ੍ਰਬੰਧ ਵਿੱਚ ਕੁਪ੍ਰਬੰਧ ਕੀਤਾ ਗਿਆ, ਜਿਸਦਾ ਇੱਕਮਾਤਰ ਹੱਲ ਅੰਤਰਿਮ ਪ੍ਰਬੰਧਕ ਨਿਯੁਕਤ ਕਰਨਾ ਸੀ।

ਸਾਰੀਆਂ ਪਰਸਥਿਤੀਆ ਅਤੇ ਖਾਸ ਕਰਕੇ ਚੈਰਿਟੀ ਦੀਆਂ ਸੰਪੱਤੀਆਂ ਅਤੇ ਇਸ ਦੀਆਂ ਕਾਰਜਾਤਮਕ ਗਤੀਵਿਧੀਆਂ ਦੇ ਸੰਭਾਵਿਤ ਖ਼ਤਰੇ ਨਾਲ ਸੰਬੰਧ ਰੱਖਣਾ, ਇਸ ਲਈ ਜਾਂਚਕਰਤਾਵਾਂ ਦਾ ਵਿਚਾਰ ਸੀ ਕਿ ਇੱਕ ਉਚਿਤ ਕਦਮ ਰਹੇਗਾ। ਜਾਂਚਕਰਤਾਵਾਂ ਦਾ ਵਿਚਾਰ ਸੀ ਕਿ ਇਸ ਤੋਂ ਇਲਾਵਾ ਹੋਰ ਕੋਈ ਘੱਟ ਦਖਲਅੰਦਾਜ਼ੀ ਕਰਨ ਦਾ ਤਰੀਕਾ ਨਹੀਂ ਸੀ ਜੋ ਉਚਿਤ ਤੌਰ ਤੇ ਚੈਰਿਟੀ ਦੀਆਂ ਸੰਪੱਤੀਆ ਅਤੇ ਇਸਦੇ ਹਿੱਤਾਂ ਨੂੰ ਸੁਰੱਖਿਅਤ ਰੱਖਦਾ ਹੋਵੇ ਅਤੇ ਉਚਿਤ ਤੌਰ ਤੇ ਪੁਨਰਬਹਾਲੀ ਅਤੇ ਨਿਰੰਤਰ ਸੰਚਾਲਨ ਕਰ ਸਕੇ।

3 ਅਕਤੂਬਰ, 2013 ਨੂੰ ਚੈਰਿਟੀਜ਼ ਐਕਟ 2011 ਦੀ ਧਾਰਾ 76(3)(g) ਦੇ ਤਹਿਤ ਸਟੋਨ ਕਿੰਗ LLP ਦੇ ਸ਼੍ਰੀਮਾਨ ਮਾਇਕਲ ਕਿੰਗ ਨੂੰ ਅੰਤਰਿਮ ਪ੍ਰਬੰਧਕ ਦੇ ਤੌਰ ਤੇ ਨਿਯੁਕਤ ਕਰ ਨ ਦਾ ਆਦੇਸ਼ ਜਾਰੀ ਕੀਤਾ ਗਿਆ ਅਤੇ ਇਸ ਨਿਯੁਕਤੀ ਨੂੰ 30 ਅਪ੍ਰੈਲ, 2014 ਨੂੰ ਡਿਸਚਾਰਜ ਕਰ ਦਿੱਤਾ ਗਿਆ।

ਕੀਤੀ ਗਈ ਰੈਗੂਲੇਟਰੀ ਕਾਰਵਾਈ

ਜਾਂਚਕਰਤਾਵਾਂ ਨੇ ਚੈਰਿਟੀ ਦੇ ਪਰਿਸਰ ਵਿੱਚ 18 ਦਸੰਬਰ, 2012 ਅਤੇ 22 ਅਪ੍ਰੈਲ, 2013 ਨੂੰ ਦੋ ਦੌਰੇ ਕੀਤੇ ਅਤੇ ਰੈਗੂਲੇਟਰੀ ਸਲਾਹ ਦਿੱਤੀ ਅਤੇ ਮਾਰਗਦਰਸ਼ਨ ਕੀਤਾ।

3 ਅਕਤੂਬਰ, 2013 ਤੋਂ 30 ਅਪ੍ਰੈਲ, 2014 ਤੱਕ ਅੰਤਰਿਮ ਪ੍ਰਬੰਧਕ ਦੀ ਨਿਯੁਕਤੀ ਦਾ ਕੁੱਲ ਖ਼ਰਚ £49,000 ਜਮ੍ਹਾਂ ਵੈਟ ਪਿਆ; ਇਸ ਵਿੱਚ £5,000 ਪੇਸ਼ੇਵਰ ਲੇਖਾਂਕਣ ਸਲਾਹ ਦਾ ਖਰਚ ਸ਼ਾਮਿਲ ਹੈ।

ਵਿਆਪਕ ਭਾਗ ਲਈ ਮੁੱਦੇ

1. ਅੰਦਰੂਨੀ ਝਗੜਾ ਚੈਰਿਟੀ ਵਿਚਲੀ ਗੰਭੀਰ ਅਸਹਿਮਤੀ ਹੈ, ਜੇ ਇਸਦਾ ਹੱਲ ਨਾ ਕੀਤਾ ਗਿਆ, ਤਾਂ ਇਹ ਪ੍ਰਭਾਵਸ਼ਾਲੀ ਸੰਚਾਲਨ ਅਤੇ ਚੈਰਿਟੀ ਦੇ ਰੋਜ਼ਾਨਾ ਦੇ ਪ੍ਰਬੰਧ ਨੂੰ ਵਿਗਾੜ ਸਕਦੀ ਹੈ। ਅੰਦਰੂਨੀ ਝਗੜੇ ਮੈਂਬਰਸ਼ਿਪ ਚੈਰਿਟੀਆਂ ਵਿੱਚ ਅਕਸਰ ਹੁੰਦੇ ਹਨ; ਪਰੰਤੂ ਇਹ ਟਰੱਸਟੀ ਅਦਾਰੇ ਅਤੇ ਵੱਖ-ਵੱਖ ਚੈਰਿਟੀਆ ਦੇ ਟਰੱਸਟੀਆਂ ਵਿਚਕਾਰ ਵੀ ਹੋ ਸਕਦੇ ਹਨ। ਜੇਕਰ ਟਰੱਸਟੀ ਮੁੱਦਿਆਂ ਦਾ ਹੱਲ ਕਰਨ ਲਈ ਖੁਦ ਕਾਰਵਾਈ ਕਰ ਸਕਣ ਤਾਂ ਕਮੀਸ਼ਨ ਉਹਨਾਂ ਤੋਂ ਅਜਿਹਾ ਕਰਨ ਦੀ ਉਮੀਦ ਕਰ ਸਕਦਾ ਹੈ। ਅੰਦਰੂਨੀ ਝਗੜਿਆਂ ਦੀਆਂ ਸਥਿਤੀਆਂ ਵਿੱਚ ਅਸੀਂ ਕਮੀਸ਼ਨ ਤੱਕ ਪਹੁੰਚਣ ਤੋਂ ਪਹਿਲਾਂ ਉਹਨਾਂ ਲੋਕਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਝਗੜੇ ਦੇ ਹੱਲ ਲਈ ਸਾਰੇ ਹੋਰਤਰੀਕੇ ਵਰਤ ਲੈਣ। ਇੱਕ ਵਿਵਾਦ ਉਦੋਂ ਵਿਸ਼ੇਸ਼ ਤੌਰ ਤੇ ਤਬਾਹਕਾਰੀ ਹੋ ਸਕਦਾ ਹੈ ਜਦੋਂ ਮੁੱਦਾ ਇਸ ਗੱਲ ਤੇ ਕੇਂਦਰਿਤ ਹੋਵੇ ਕਿ ਚੈਰਿਟੀ ਦੇ ਵੈਧ ਟਰੱਸਟੀ ਕੌਣ ਹਨ ਅਤੇ ਇਹ ਅਕਸਰ ਅਜਿਹਾ ਤਾਂ ਹੀ ਹੁੰਦਾ ਹੈ ਕਿਉਂਕਿ ਸੰਚਾਲਨ ਵਿੱਚ ਗੜਬੜ ਹੈ, ਵੈਧ ਤਰੀਕੇ ਨਾਲ ਨਿਯੁਕਤ ਕੀਤਾ ਕੋਈ ਟਰੱਸਟੀ ਨਹੀਂ ਹੈ।

   ਕਮੀਸ਼ਨ ਦਾ ਪ੍ਰਕਾਸ਼ਨ ਤੁਹਾਡੀ ਚੈਰਿਟੀ ਵਿੱਚ ਝਗੜੇ ਚੈਰਿਟੀ ਕਮੀਸ਼ਨ ਦੀ ਪਹੁੰਚ ਦਾ ਵੇਰਵਾ{3]{4]ਸਪੱਸ਼ਟ ਕਰਦਾ ਹੈ ਕਿ ਝਗੜੇ ਦਾ ਹੱਲ ਕਰਨਾ ਪੱਖਾਂ ਦੀ ਜ਼ਿੰਮੇਵਾਰੀ ਹੈ ਅਤੇ ਇਹ ਕੇਵਲ ਸੀਮਿਤ ਪਰਸਥਿਤੀਆਂ ਵਿੱਚ ਹੁੰਦਾ ਹੈ ਕਿ ਕਮੀਸ਼ਨ ਇਸ ਵਿੱਚ ਸ਼ਾਮਿਲ ਹੋਵੇ (ਕਮੀਸ਼ਨ ਦਾ ਨਵਾਂ ਪੇਜਵੀ ਦੇਖੋਂ ਖ਼ਤਰੇ ਦੀ ਰੂਪ-ਰੇਖਾ, ਜਨਵਰੀ 2012 ਵਿੱਚ ਪ੍ਰਕਾਸ਼ਿਤ)। ਹਾਲਾਂਕਿ ਇਹ ਮਹੱਤਵਪੂਰਨ ਹੈ ਕਿ, ਜੇ ਕਮੀਸ਼ਨ ਸ਼ਾਮਿਲ ਹੁੰਦਾ ਹੈ, ਤਾਂ ਵਿਵਾਦ ਵਿੱਚ ਸ਼ਾਮਿਲ ਪੱਖ ਆਪਣੇ ਮੱਤਭੇਦਾਂ ਨੂੰ ਸੁਲਝਾਉਣ ਲਈ ਦ੍ਰਿੜ ਪ੍ਰਤੀਬੱਧਤਾ ਦਿਖਾਉਂਦੇ ਹਨ ਅਤੇ ਕਮੀਸ਼ਨ ਅਤੇ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨ ਲਈ ਸਹਿਮਤ ਹੋ ਜਾਂਦੇ ਹਨ ਅਤੇ ਅਸਲ ਵਿੱਚ ਅਜਿਹਾ ਕਰਨ ਲੱਗਦੇ ਹਨ। ਜੇਕਰ ਉਸ ਤੇ ਸਹਿਮਤੀ ਨਹੀਂ ਹੋ ਸਕਦੀ ਅਤੇ ਉਸਨੂੰ ਅੱਗੇ ਨਹੀ ਵਧਾਇਆ ਜਾ ਸਕਦਾ, ਤਾਂ ਜ਼ਿਆਦਾ ਸੰਭਾਵਨਾ ਇਹੀ ਹੁੰਦੀ ਹੈ ਕਿ ਕਮੀਸ਼ਨ ਵਿਵਾਦ ਦਾ ਹੱਲ ਕਰੇਗਾ। ਜੇਕਰ ਕਮੀਸ਼ਨ ਨੂੰ ਦਖਲਅੰਦਾਜ਼ੀ ਕਰਨੀ ਪੈਂਦੀ ਹੈ, ਤਾਂ ਇਸ ਦਾ ਨਤੀਜਾ ਰੈਗੀਲੇਟਰੀ ਐਕਸਨ ਲੈਣਾ ਹੋ ਸਕਦਾ ਹੈ ਅਤੇ ਇਸ ਕਾਰਨ ਚੈਰਿਟੀ ਦਾ ਕਾਫ਼ੀ ਖ਼ਰਚ ਹੋ ਸਕਦਾ ਹੈ ਜਿਹੜੇ ਅਸਲ ਵਿੱਚ ਟਾਲੇ ਜਾ ਸਕਦੇ ਹਨ।

2. ਟਰੱਸਟੀਆਂ ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਹਨਾਂ ਦੀ ਚੈਰਿਟੀ ਕੋਲ ਉਚਿਤ ਵਿੱਤੀ ਅਤੇ ਪ੍ਰਸ਼ਾਸਨਿਕ ਨਿਯੰਤਰਣ ਹੈ ਅਤੇ ਉਹ ਆਪਣੀ ਚੈਰਿਟੀ ਦੇ ਖ਼ਾਤਿਆਂ ਅਤੇ ਰਿਕਾਰਡਾਂ ਨੂੰ ਬਣਾਏ ਰੱਖਣ ਲਈ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨਾਲ ਪਾਲਣ ਕਰਦੇ ਹਨ ਅਤੇ ਉਹਨਾਂ ਨੂੰ ਕਮੀਸ਼ਨ ਕੋਲ ਦਰਜ਼

ਕਰਵਾਉਂਦੇ ਹਨ। ਪ੍ਰਕਾਸ਼ਿਤ ਸਲਾਨਾ ਖ਼ਾਤੇ ਪ੍ਰਮੁੱਖ ਸਾਧਨ ਹਨ ਜਿਹਨਾਂ ਨਾਲ ਟਰੱਸਟੀ ਆਪਣੀਆਂ ਚੈਰਿਟੀਆਂ ਦੀ ਆਪਣੀ ਪ੍ਰਬੰਧਕੀ ਰਿਪੋਰਟ ਦਿੰਦੇ ਹਨ ਅਤੇ ਉਹ ਸਾਰਵਜਨਿਕ ਜ਼ਿੰਮੇਵਾਰੀ ਪ੍ਰਦਰਸ਼ਿਤ ਕਰਦੇ ਹਨ।

3. ਕਮੀਸ਼ਨ ਟਰੱਸਟੀਆਂ ਤੋਂ ਨਿਰੰਤਰ ਸਮੀਖਿਆ ਦੇ ਤਹਿਤ ਸੰਵਿਧਾਨਿਕ ਅਤੇ ਸੰਚਾਲਨ ਪ੍ਰਬੰਧ ਬਣਾਏ ਰੱਖਣ ਅਤੇ ਉੱਠਣ ਸਕਣ ਵਾਲੇ ਕਿਸੇ ਵੀ ਮੁੱਦੇ ਨੂੰ ਜਲਦੀ ਹੱਲ ਕਰਨ ਦੀ ਉਮੀਦ ਕਰਦਾ ਹੈ। ਉਹਨਾਂ ਚੈਰਿਟੀਆਂ ਲਈ ਜਿਹਨਾਂ ਦੇ ਮੈਂਬਰ ਹਨ ਇਹ ਜਰੂਰੀ ਹੈ ਕਿ ਇਹ ਸੁਨਿਸ਼ਚਿਤ ਕਰਨ ਲਈ ਮੈਂਬਰਾਂ ਦੇ ਸਹੀ ਅਤੇ ਅਪਡੇਟ ਰਿਕਾਰਡ ਰੱਖੇ ਜਾਣ ਕਿ ਸਮੱਸਿਆਵਾਂ ਇਸ ਕਰਕੇ ਨਹੀਂ ਪੈਦਾ ਹੋਈਆਂ ਕਿਉਂਕਿ ਇਹ ਸਪੱਸ਼ਟ ਨਹੀਂ ਹੈ ਕਿ ਇੱਕ ਵਿਲੱਖਣ ਸਮੇਂ ਤੇ ਕੌਣ ਮੈਂਬਰ ਸੀ। ਜਿੱਥੇ ਨਵੇਂ ਟਰੱਸਟੀਆਂ ਲਈ ਚੋਣਾਂ ਦੇ ਆਚਾਰ ਸੰਬੰਧੀ ਉਹਨਾਂ ਦੇ ਸੰਚਾਲਨ ਦਸਤਾਵੇਜ਼ ਵਿੱਚ ਪ੍ਰਬੰਧ ਨਿਰਧਾਰਿਤ ਕੀਤੇ ਹੋਣ, ਉੱਥੇ ਟਰੱਸਟੀਆਂ ਲਈ ਇਹਨਾਂ ਲੋੜਾਂ ਦੀ ਪਾਲਣਾ ਕਰਨਾ ਜਰੂਰੀ ਹੈ।

4. ਚੈਰਿਟੀ ਦੇ ਟਰੱਸਟੀਆਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਰੋਜ਼ਾਨਾ ਦੇ ਆਧਾਰ ਤੇ ਸੰਬੰਧਿਤ ਕਮੀਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਹ ਵਰਤਮਾਨ ਕਾਨੂੰਨੀ ਲੋੜਾਂ ਅਤੇ ਚੰਗੇ ਅਭਿਆਸ ਦੇ ਜਾਣੂੰ ਹਨ।